Academic Journal of Excellence Bi-Annual Peer Reviewed Journal

# ਗੁਰਬਾਣੀ ਟੀਕਾਕਾਰੀ(19ਵੀਂ ਸਦੀ ਤੱਕ) ਦੀ ਪਰੰਪਰਾ ਅਤੇ ਇਤਿਹਾਸ

ਡਾ. ਰਾਜਨਦੀਪ ਕੌਰ, [1] ਮੀਨਾ ਰਾਣੀ, [2]

1 ਸਹਾਇਕ ਪ੍ਰੋਫ਼ੈਸਰ ਅਤੇ ਮੁਖੀ ਪੰਜਾਬੀ ਵਿਭਾਗ, ਗੁਰੂ ਨਾਨਕ ਕਾਲਜ,ਬੁਢਲਾਡਾ(ਮਾਨਸਾ)
2 ਸੀਨੀਅਰ ਰਿਸਰਚ ਫ਼ੈਲੋ, ਪੰਜਾਬੀ ਯੂਨੀਵਰਸਿਟੀ,ਪਟਿਆਲਾ

ਗੁਰਬਾਣੀ ਵਿਆਖਿਆਕਾਰੀ ਦੀਆਂ ਵਿਭਿੰਨ ਪਰੰਪਰਾਵਾਂ ਅਤੇ ਪਰਿਪਾਟੀਆਂ ਹਨ। ਇਹਨਾਂ ਵਿੱਚੋਂ 'ਟੀਕਾਕਾਰੀ' ਦਾ ਅਹਿਮ ਸਥਾਨ ਹੈ। ਗੁਰਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸ਼ਬਦ ਰੂਪ ਦਾ ਨਾਂ ਹੈ, ਜਿਸ ਦੀ ਸੰਪਾਦਨਾ ਭਾਵੇਂ 1604 ਈ. ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਕੀਤੀ ਗਈ। ਗੁਰਬਾਣੀ ਟੀਕਾਕਾਰੀ ਦੇ ਹਵਾਲੇ ਨਾਲ ਕਿਹਾ ਜਾਵੇ ਤਾਂ ਇਸ ਪਰੰਪਰਾ ਦਾ ਪ੍ਰਾਰੰਭ ਪਹਿਲੇ ਪਾਤਿਸ਼ਾਹ ਦੇ ਆਗਮਨ ਤੋਂ ਹੁੰਦਾ ਹੈ। ਸ਼ਬਦ -ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਿਸ ਨੂੰ ਗੁਰ ਨਾਨਕ ਪਾਤਸ਼ਾਹ ਆਪ 'ਧੁਰ ਕੀ ਬਾਣੀ',ਖਸਮ ਕੀ ਬਾਣੀ' ਵਜੋਂ ਅੰਕਿਤ ਕਰਦੇ ਹਨ, ਦੇ ਪਹਿਲੇ ਪ੍ਰਗਟ-ਸਰੂਪ 'ੴ' ਦੀ ਵਿਆਖਿਆ ਮੰਗਲ -ਰੂਪ ਅਤੇ ਮੂਲ-ਮੰਤ੍ਰ ਰੂਪ ਵਿੱਚ ਪ੍ਰਕਾਸ਼ਿਤ ਹੁੰਦੀ ਹੈ ਅਤੇ ਸਮੁੱਚੇ ਮੂਲਮੰਤਰ ਦਾ ਭਾਵ-ਪ੍ਰਸਾਰ 'ਜਪੁ' ਬਾਣੀ ਅਤੇ 'ਜਪੁ' ਬਾਣੀ ਤੋਂ ਉਪਰੰਤ ਸਮੁੱਚੀ ਬਾਣੀ ਸਾਕਾਰ ਰੂਪ ਮੰਨੀ ਜਾਂਦੀ ਹੈ। ਜਦ ਬਾਬਾ ਨਾਨਕ ਮਰਦਾਨੇ ਨੂੰ ਕਹਿੰਦੇ ਹਨ ਕਿ "ਰਬਾਬ ਛੇੜ ਬਾਣੀ ਆਈ ਏ" ਤਾਂ ਇਥੇ ਬਾਣੀ ਦਾ ਸੰਗੀਤਾਤਮਕ ਪ੍ਰਗਟਾਅ ਗੁਰਬਾਣੀ ਦੇ ਅਰਥ-ਬੋਧ ਨੂੰ ਹੋਰ ਗਹਿਰਾ ਕਰ ਦਿੰਦਾ ਹੈ। ਗੁਰਬਾਣੀ ਟੀਕਾਕਾਰੀ ਦਾ ਇਤਿਹਾਸ ਛੇ ਸਦੀਆਂ ਤੱਕ ਫੈਲਿਆ ਹੋਇਆ ਹੈ, ਜਿਸ ਵਿਚ ਵੱਖ-ਵੱਖ ਵਿਆਖਿਆ-ਵਿਧੀਆਂ ਰਾਹੀਂ ਟੀਕਾਕਾਰੀ ਕਰਨ ਦਾ ਯਤਨ/ਪ੍ਰਯੋਗ ਕੀਤਾ ਗਿਆ ਹੈ। ਇਨ੍ਹਾਂ ਛੇ ਸਦੀਆਂ ਨੂੰ ਅਸੀਂ ਇਤਿਹਾਸਕ ਕਾਲ-ਕ੍ਰਮ ਵਿਚ ਵਿਚਾਰਦੇ ਹੋਏ ਟੀਕਾਕਾਰੀ ਨਾਲ ਸੰਬੰਧਿਤ ਵੱਖ-ਵੱਖ ਸਮੇਂ ਪੈਦਾ ਹੋਈਆਂ ਵਿਆਖਿਆ ਵਿਧੀਆਂ ਅਤੇ ਸੰਬੰਧਿਤ ਲਿਖਾਰੀਆਂ ਦਾ ਵਿਧੀਵੱਧ ਅਧਿਐਨ ਕਰਨ ਦਾ ਯਤਨ ਕਰਾਂਗੇ। ਕਾਲ-ਕ੍ਰਮ ਅਨੁਸਾਰ ਗੁਰਬਾਣੀ ਟੀਕਾਕਾਰੀ ਅਸੀਂ ਹੇਠ ਲਿਖੇ ਅਨੁਸਾਰ ਕੀਤੀ ਹੈ:

1. ਗੁਰੂ-ਕਾਲ/ਪੰਦਰ੍ਹਵੀਂ ਤੋਂ ਸਤਾਰ੍ਹਵੀਂ ਸਦੀ ਦੀ ਗੁਰਬਾਣੀ ਟੀਕਾਕਾਰੀ- ਪਰੰਪਰਾ
2. ਅਠਾਰਵੀਂ ਸਦੀ ਦੀ ਗੁਰਬਾਣੀ ਟੀਕਾਕਾਰੀ-ਪਰੰਪਰਾ
3. ਉੱਨੀਵੀਂ ਸਦੀ ਦੀ ਗੁਰਬਾਣੀ ਟੀਕਾਕਾਰੀ-ਪਰੰਪਰਾ
4. ਵੀਹਵੀਂ ਸਦੀ ਦੀ ਗੁਰਬਾਣੀ ਟੀਕਾਕਾਰੀ-ਪਰੰਪਰਾ
5. ਇਕੀਵੀਂ ਸਦੀ ਦੀ ਗੁਰਬਾਣੀ ਟੀਕਾਕਾਰੀ-ਪਰੰਪਰਾ

ਹੱਥਲੇ ਪਰਚੇ ਵਿੱਚ ਗੁਰੂ-ਕਾਲ ਤੋਂ ਲੈ ਕੇ ਉੱਨੀਵੀਂ ਸਦੀ ਤੱਕ ਦੀ ਗੁਰਬਾਣੀ ਟੀਕਾਕਾਰੀ ਦੀਆਂ ਪਰੰਪਰਾਵਾਂ ਦੇ ਇਤਿਹਾਸ ਨੂੰ ਪ੍ਰਸਤੁਤ ਕਰਨ ਦਾ ਯਤਨ ਕੀਤਾ ਗਿਆ ਹੈ:

## 1. ਗੁਰੂ-ਕਾਲ ਦੀ ਗੁਰਬਾਣੀ ਟੀਕਾਕਾਰੀ-ਪਰੰਪਰਾ

ਗੁਰੂ ਕਾਲ ਦਾ ਭਾਵ ਗੁਰੂ ਨਾਨਕ ਦੇਵ ਜੀ ਦੇ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ (15ਵੀਂ, 16ਵੀਂ, 17ਵੀਂ) ਜੀ ਦੇ ਸਮੇਂ ਤੋਂ ਹੈ। ਇਸ ਸਮੇਂ ਦੌਰਾਨ ਗੁਰਬਾਣੀ ਟੀਕਾਕਾਰੀ ਦੀਆਂ ਅਲੱਗ-ਅਲੱਗ ਪਰਿਪਾਟੀਆਂ ਸਾਹਮਣੇ ਆਈਆਂ, ਜਿਸ ਨੂੰ ਇਥੇ ਵਿਚਾਰਨ ਦਾ ਯਤਨ ਕਰਾਂਗੇ। ਇਹ ਗੱਲ ਸਧਾਰਨ ਵਿਹਾਰ ਵਿਚ ਵੀ ਲਾਗੂ ਹੁੰਦੀ ਹੈ ਕਿ ਜਦੋਂ ਕਿਸੇ ਵਿਚਾਰ ਨੂੰ ਵਿਚਾਰਿਆ ਜਾਂਦਾ ਹੈ ਤਾਂ ਉਸ ਦੇ ਸਮਾਨੰਤਰ ਹੀ ਦੂਜਾ ਵਿਚਾਰ ਕਾਰਜਸ਼ੀਲ ਹੁੰਦੀ ਹੈ। ਇਸ ਵਿਚਾਰ ਦੀ ਰੌਸ਼ਨੀ ਵਿਚ ਹੀ ਪਹਿਲੇ ਵਿਚਾਰ ਦੀ ਪਰਪੱਕਤਾ ਅਤੇ ਪ੍ਰਮਾਣਿਕਤਾ ਉਸਰਿਤ ਹੁੰਦੀ ਹੈ। ਗੁਰੂ-ਕਾਲ ਸਮੇਂ ਜਿਨ੍ਹਾਂ ਕਈ ਵਿਆਖਿਆ ਪ੍ਰਣਾਲੀ ਦੁਆਰਾ ਟੀਕਾਕਾਰੀ ਦਾ ਕਾਰਜ ਕੀਤਾ ਗਿਆ। ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

1.1 ਸਹਜ ਪ੍ਰਣਾਲੀ
1.2 ਉਦਾਸੀ ਪ੍ਰਣਾਲੀ
1.3. ਭਾਈ ਪ੍ਰਣਾਲੀ
1.4. ਪਰਮਾਰਥ ਪ੍ਰਣਾਲੀ
1.5. ਨਿਰਮਲਾ ਪ੍ਰਣਾਲੀ
1.6. ਸੰਪ੍ਰਦਾਈ/ਗਿਆਨੀ ਪ੍ਰਣਾਲੀ

### 1.1 ਸਹਜ ਪ੍ਰਣਾਲੀ

ਗੁਰਬਾਣੀ, ਗੁਰੂ ਦੀ ਬਾਣੀ/ਧੁਰ ਕੀ ਬਾਣੀ ਨਾਲ ਸੰਬੰਧਿਤ ਅਰਥ ਪਰਿਪਾਟੀ ਦਾ ਅਰੰਭ ਗੁਰੂ ਨਾਨਕ ਸਾਹਿਬ ਦੀ ਬਾਣੀ ਤੋਂ ਮੰਨਿਆ ਜਾਂਦਾ ਹੈ। ਗੁਰੂ ਅੰਗਦ ਦੇਵ ਜੀ ਦੁਆਰਾ ਆਪਣੀ ਬਾਣੀ ਰੱਚਣ ਦੇ ਨਾਲ-ਨਾਲ ਗੁਰੂ ਨਾਨਕ ਪਾਤਿਸ਼ਾਹ ਦੀ ਬਾਣੀ ਨੂੰ ਵੀ ਵਿਸਤਾਰਿਆ ਗਿਆ, ਜਿਸ ਨੂੰ ਡਾ. ਤਾਰਨ ਸਿੰਘ ਸਹਜ ਪ੍ਰਣਾਲੀ ਭਾਵ ਬਾਣੀ ਦੀ ਵਿਆਖਿਆ ਤੋਂ ਲੈਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਜਿਹੀਆਂ ਬਹੁਤ ਸਾਰੀਆਂ ਉਦਾਹਰਨਾਂ ਹਨ, ਜਿਥੋਂ ਬਾਣੀ ਦੀ ਵਿਆਖਿਆ ਬਾਣੀ ਦੇ ਹੀ ਪ੍ਰਮਾਣ ਰਾਹੀਂ ਮਿਲਦਾ ਹੈ।

### 1.2. ਉਦਾਸੀ ਪ੍ਰਣਾਲੀ

ਗੁਰੂ ਨਾਨਕ ਦੇਵ ਜੀ ਨੇ ਧੁਰ ਕੀ ਬਾਣੀ ਨੂੰ ਕਲਮ ਬੱਧ ਕਰਦਿਆਂ ਆਪਣੀ ਅਧਿਆਤਮਕ ਪੂੰਜੀ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਦੇ ਰੂਪ ਵਿਚ ਬਖਸ਼ੀ। ਇਸ ਦੇ ਸਮਾਨਾਂਤਰ ਗੁਰੂ ਨਾਨਕ ਦੇਵ ਜੀ ਦੇ

ਸਪੁੱਤਰ ਬਾਬਾ ਸ੍ਰੀ ਚੰਦ ਨੇ ਗੁਰੂ ਨਾਨਕ ਸਾਹਿਬ ਦੀ ਬਾਣੀ ਦਾ ਪ੍ਰਚਾਰ ਉਦਾਸੀ ਪ੍ਰਣਾਲੀ ਅਨੁਸਾਰ ਕਰਨਾ ਸ਼ੁਰੂ ਕਰ ਦਿਤਾ। " ਉਦਾਸੀ ਸਾਧੂ ਸਾਹਿਬਾਨ ਦੇ ਸਮੇਂ ਹੀ ਸਿੱਖੀ ਪ੍ਰਚਾਰ ਵਿਚ ਲੱਗ ਪਏ ਸਨ। ਉਨ੍ਹਾਂ ਦੇ ਧੂੰਏਂ ਤੇ ਬਖਸ਼ਿਸ਼ਾਂ ਕਾਇਮ ਹੋ ਚੁਕੀਆਂ ਸਨ ।ਇਸ ਪੱਖੋਂ ਉਦਾਸੀਆਂ ਨੂੰ ਗੁਰੂ ਘਰ ਦੇ ਪਹਿਲੇ ਮੌਖਿਕ ਪ੍ਰਚਾਰਕ ਮੰਨਿਆ ਜਾ ਸਕਦਾ ਹੈ। ਉਦਾਸੀ ਪ੍ਰਣਾਲੀ (ਗੁਰਬਾਣੀ ਟੀਕਾਕਾਰੀ) ਦੇ ਉਥਾਨ ਦਾ ਇਤਿਹਾਸਕ ਕਾਲ ਗੁਰੂ ਨਾਨਕ ਸਾਹਿਬ ਦੀ ਬਾਣੀ ਦਾ ਸਧਾਰਨ ਲੋਕਾਂ ਵਿਚ ਮੌਖਿਕ ਪ੍ਰਚਾਰ ਕਰਨ ਤੋਂ ਸ਼ੁਰੂ ਹੁੰਦਾ ਹੈ। ਬਾਬਾ ਸ੍ਰੀ ਚੰਦ ਤੋਂ ਬਾਅਦ ਬਾਬਾ ਗੁਰਦਿਤਾ ਜੀ (ਗੁਰੂ ਹਰਿਗੋਬਿੰਦ ਸਿੰਘ ਦੇ ਸਪੁੱਤਰ) ਉਨ੍ਹਾਂ ਦੇ ਸੇਵਕ ਹੋਏ। ਬਾਬਾ ਗੁਰਦਿਤਾ ਜੀ ਦੇ ਅੱਗੋਂ ਚਾਰ ਸ਼ਰਧਾਲੂ ਹੋਏ, ਜਿਨ੍ਹਾਂ ਨੇ ਉਦਾਸੀਆਂ ਦੇ ਚਾਰ ਧੂਣੇ (ਬਾਲੂ ਹਸਨਾ, ਅਲਮਸਤ, ਫੂਲੇਸ਼ਾਹ, ਗੋਂਦਾ ਅਥਵਾ ਗੋਇੰਦ) ਸਥਾਪਿਤ ਕੀਤੇ। ਇਨ੍ਹਾਂ ਦੁਆਰਾ ਅਗੋਂ ਛੇ ਬਖਸ਼ਿਸ਼ਾਂ (ਸੁਥਰੇ ਸ਼ਾਹੀ, ਸੰਗਤ ਸਾਹਿਬੀਏ, ਜੀਤ ਮਲੀਏ, ਬਖਤ ਮਲੀਏ, ਭਗਤ ਭਗਵਾਨੀਏ, ਮੀਹਾਂ ਸ਼ਾਹੀਏ) ਥਾਪੀਆਂ ਗਈਆਂ। ਇਸ ਤਰ੍ਹਾਂ ਉਦਾਸੀ ਵੱਖਰੇ-ਵੱਖਰੇ ਸਮੇਂ ਵਿਚ ਵੱਖ-ਵੱਖ ਗੁਰੂ ਸਾਹਿਬਾਨ (ਗੁਰੂ ਹਰਿ ਰਾਇ ਜੀ, ਗੁਰੂ ਤੇਗ ਬਹਾਦਰ ਜੀ, ਗੁਰੂ ਗੋਬਿੰਦ ਸਿੰਘ ਜੀ) ਦੇ ਸੰਪਰਕ ਵਿਚ ਰਹੇ। ਗੁਰਮਤਿ ਦੇ ਪ੍ਰਚਾਰ/ਪ੍ਰਸਾਰ ਹਿੱਤ ਕਈ ਡੇਰੇ ਅਤੇ ਅਖਾੜੇ ਬਣਾਏ ਗਏ। ਇਸ ਪਰੰਪਰਾ ਦਾ ਵਰਨਣਯੋਗ ਟੀਕਾਕਾਰ ਸਾਧੂ ਅਨੰਦਘਨ ਹੈ। ਜਿਸ ਦੁਆਰਾ ਜਪੁ, ਆਰਤੀ, ਓਅੰਕਾਰ, ਸਿਧ ਗੋਸਟਿ, ਅਨੰਦ, ਆਸਾ ਕੀ ਵਾਰ ਦਾ ਟੀਕਾ ਕੀਤਾ ਗਿਆ। ਇਨ੍ਹਾਂ ਤੋਂ ਇਲਾਵਾ ਸੁਆਮੀ ਸਦਾਨੰਦ ਦੁਆਰਾ ਕੀਤਾ 'ਜਪੁ ਜੀ' ਦਾ ਸਟੀਕ ਪ੍ਰਾਪਤ ਹੁੰਦਾ ਹੈ। ਮੌਖਿਕ ਪ੍ਰਚਾਰ/ਪ੍ਰਸਾਰ ਕਾਰਨ ਉਦਾਸੀਆਂ ਦਾ ਪ੍ਰਚਾਰ ਖੇਤਰ ਪੰਜਾਬ ਤੋਂ ਬਾਹਰ ਰਿਹਾ। ਪੰਜਾਬ ਤੋਂ ਬਾਹਰ ਉਸ ਸਮੇਂ ਸੰਧੁਕੜੀ ਭਾਸ਼ਾ ਪ੍ਰਚਲਿਤ ਸੀ, ਜਿਸ ਵਿਚ ਬਾਕੀ ਭਾਸ਼ਾਵਾਂ ਦਾ ਸਮਨਵੈ ਸੀ। ਸਨਾਤਨ ਮੱਤ ਦਾ ਪੰਜਾਬ ਤੋਂ ਇਲਾਵਾ ਬਾਕੀ ਭਾਰਤੀ ਖੇਤਰਾਂ ਵਿਚ ਪ੍ਰਭਾਵ ਹੋਣਾ ਸੁਭਾਵਿਕ ਸੀ। ਸਨਾਤਨ ਮੱਤ ਦੇ ਸੰਪਰਕ ਵਿਚ ਆਉਂਦਿਆਂ ਉਨ੍ਹਾਂ ਨੇ ਵੇਦ, ਸ਼ਾਸਤਰਾਂ, ਸਿਮਰਤੀਆਂ ਦਾ ਪ੍ਰਭਾਵ ਕਬੂਲਿਆ, ਜਿਸ ਕਾਰਨ ਇਸ ਪਰੰਪਰਾ ਦੀ ਅਰਥ ਪਰਿਪਾਟੀ ਵਿਚ ਗੁਰਬਾਣੀ ਦੇ ਨਾਲ ਵੇਦਾਂ, ਸਿਮਰਤੀਆਂ, ਪੁਰਾਣਾਂ ਦਾ ਰਲਾਅ ਸ਼ੁਰੂ ਹੋ ਗਿਆ। ਇਸ ਕਾਰਨ ਇਹ ਪ੍ਰਣਾਲੀ ਗੁਰਮਤਿ ਆਸ਼ੇ ਤੋਂ ਦੂਰ ਜਾਂਦੀ ਰਹੀ। ਫਿਰ ਵੀ ਪੰਜਾਬ ਤੋਂ ਬਾਹਰ ਅਤੇ ਪੰਜਾਬ ਵਿਚ ਉਦਾਸੀ ਪ੍ਰਣਾਲੀ ਦੇ ਪਾਏ ਯੋਗਦਾਨ ਦਾ ਗੁਰਮਤਿ ਵਿਚ ਜ਼ਿਕਰਯੋਗ ਸਥਾਨ ਹੈ।

### 1.3. ਭਾਈ ਪ੍ਰਣਾਲੀ

ਗੁਰੂ ਅੰਗਦ ਦੇਵ ਜੀ ਤੋਂ ਉਪਰੰਤ ਗੁਰੂ ਅਮਰਦਾਸ ਜੀ ਦੀ ਗੁਰਿਆਈ ਸਮੇਂ ਉਦਾਸੀ ਪਰੰਪਰਾ ਦਾ ਮੌਖਿਕ ਪ੍ਰਚਾਰ ਚਲ ਰਿਹਾ ਸੀ। ਇਸ ਸਮੇਂ ਹੀ ਗੁਰੂ ਸਾਹਿਬ ਨੇ 'ਬਾਈ ਮੰਜੀਆਂ' ਗੁਰਮਤਿ ਦੇ ਪ੍ਰਚਾਰ/ਪ੍ਰਸਾਰ ਲਈ ਸਥਾਪਿਤ ਕੀਤੀਆਂ, ਜਿਨ੍ਹਾਂ ਦਾ ਉਦੇਸ਼ ਧਾਰਮਿਕ ਵਿਦਿਆ ਅਤੇ ਸਮਾਜਿਕ ਕਦਰਾਂ-ਕੀਮਤਾਂ ਦੀ ਪ੍ਰਪੱਕਤਾ ਲਈ ਸਿੱਖਾਂ ਨੂੰ ਤਿਆਰ ਕਰਨਾ ਸੀ। ਗੁਰੂ ਰਾਮਦਾਸ ਜੀ ਨੇ ਇਸੇ ਪਰਿਪਾਟੀ ਵਿਚ ਮਸੰਦ ਪ੍ਰਥਾ ਦੀ ਸ਼ੁਰੂਆਤ ਕੀਤੀ। ਗੁਰੂ ਅਰਜਨ ਦੇਵ ਜੀ ਨੇ 1604 ਈ. ਵਿਚ ਆਦਿ ਗ੍ਰੰਥ ਸਾਹਿਬ ਦੀ ਸੰਪਾਦਨ ਕੀਤੀ, ਜਿਸ ਵਿਚ ਲਿਖਾਰੀ ਵਜੋਂ ਬਾਬਾ ਬੁੱਢਾ ਜੀ ਨੇ ਸੇਵਾ ਨਿਭਾਈ। ਇਸ ਸਮੇਂ ਸੁਭਾਵਿਕ ਹੈ ਕਿ ਗੁਰਬਾਣੀ ਦੇ ਸਰਲ ਅਰਥ ਕਥਾ ਰੂਪ ਵਿਚ ਹੁੰਦੇ ਹੋਣਗੇ। ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ ਇਸ ਸਮੇਂ ਸੰਗਤਾਂ ਨੇ ਗੁਰੂ ਅਰਜਨ ਦੇਵ ਨੂੰ ਬਾਣੀ ਦੇ ਸਰਲ ਅਰਥ ਲਈ ਬੇਨਤੀ ਕੀਤੀ:

ਇਕ ਦਿਨ ਸਿਖਨ ਇਹੁ ਬਿਨਤੀ ਥੀ ਗੁਰੁ ਅਰਜਨ ਢਿਗ ਕੀਨੀ।
ਗੁਰੁ ਗ੍ਰੰਥ ਕੀ ਬਾਂਨੀ ਕੇਰਾ ਪਾਠ ਜਥੈ ਹਮ ਕਰਹੈਂ।
ਮਨ ਪ੍ਰਸੰਨਜ ਹੋਤ ਨਹਿ ਤਹਿ ਜਹਿ ਅਰਥ ਸਮਝ ਨਾ ਪਰਹੈ।
ਤਾਂਤੇ ਆਪ ਦੀਦੀਏ ਕਰ ਅਬ ਗੁਰੁ ਬਾਂਨੀ ਪਰ ਟੀਕਾ।
ਜਾਤੈ ਅਰਥ ਸਮਝ ਕੈ ਸਿਖ ਸਬ ਸੁਖ ਹਮੇਸ਼ ਲਹਿ ਨੀਕਾ।
ਸੁਨ ਗੁਰੁ ਕਹਯੋ ਏਹੁ ਗੁਰੁ ਨਾਨਕ ਪਾਰ ਬ੍ਰਹਮ ਕੀ ਬਾਨੀ।
ਹਮ ਇਸ ਪਰ ਸਕੈਂ ਨ ਟੀਕਾ ਅਨਭਵ ਰੂਪ ਮਹਾਂਨੀ।
ਗੁਰੁ ਮੁਖ ਸਿਖਨ ਕੀ ਰਚਨਾ ਪਰ ਟੀਕਾ ਇਸ ਕਾ ਰੈਹੈ।
ਬਾਂਛਿਤ ਅਰਥ ਮਿਲੈਗੋ ਸਬ ਕੋ ਕਲਮ ਹੇਠ ਨਾ ਐਹੈ।

ਸੰਗਤਾਂ ਦੀ ਬੇਨਤੀ ਉਪਰੰਤ ਪੰਡਿਤ ਨਰੈਣ ਸਿੰਘ ਆਖਦੇ ਹਨ "ਜਦ ਸ੍ਰੀ ਸਤਿਗੁਰੂ ਅਰਜਨ ਦੇਵ ਜੀ ਨੇ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ ਸਥਾਪਿਤ ਕਰ ਦਿੱਤਾ ਅਤੇ ਨਿੱਤ-ਨੇਮ ਦੀ ਮਰਯਾਦਾ ਬੰਨ੍ਹ ਦਿੱਤੀ, ਹਰ ਰੋਜ਼ ਸਵੇਰੇ ਦੀਵਾਨ ਲਗਦਾ, ਮਹਾਰਾਜ ਜੀ ਦਾ ਪ੍ਰਕਾਸ਼ ਹੁੰਦਾ, ਆਸਾ ਦੀ ਵਾਰ ਦੇ ਭੋਗ ਮਗਰੋਂ ਅਰਦਾਸਾ ਸੋਧ ਕੇ ਹੁਕਮ ਲੈ ਕੇ ਸਾਰੇ ਮਾਈ-ਭਾਈ ਆਪੋ-ਆਪਣੇ ਵਿਹਾਰਾਂ-ਕਾਰਾਂ ਤੇ ਜਾ ਲਗਦੇ। ਇਕ ਦਿਨ ਸੰਗਤ ਨੇ ਬੇਨਤੀ ਕੀਤੀ ਮਹਾਰਾਜ ਜੀ ! ਕਿ ਗੁਰੂ ਅਰਜਨ ਦੇਵ ਜੀ ਭਾਈ ਗੁਰਦਾਸ ਜੀ ਨੂੰ ਹੁਕਮ ਦਿੱਤਾ ਭਾਈ ਜੀ ਤੁਸੀਂ ਰੋਜ ਮਹਾਰਾਜ ਜੀ ਦੀ ਕਥਾ ਕਰਕੇ ਸੁਣਾਇਆ ਕਰੋ। ਸਤਿਗੁਰੂ ਜੀ ਦੀ ਆਗਿਆ ਤੇ ਥਾਪੀ ਲੈ ਕੇ ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਾ ਆਰੰਭੀ। ਭਾਈ ਗੁਰਦਾਸ ਜੀ ਬਾਣੀ ਦੇ ਅੱਖਰੀ ਅਰਥ ਕਰਦੇ ਸਨ, ਜਿਸ ਵਿਚ

ਗੁਰਮਤਿ ਦੇ ਸਿਧਾਂਤਾਂ/ਸੰਕਲਪਾਂ ਨੂੰ ਵਿਚਾਰਾਧੀਨ ਰੱਖਿਆ ਜਾਂਦਾ ਸੀ। ਇਸ ਵਿਆਖਿਆ ਪ੍ਰਣਾਲੀ ਨੂੰ ਅਸੀਂ ਭਾਈ ਪ੍ਰਣਾਲੀ ਵਜੋਂ ਸਵੀਕਾਰਦੇ ਹਾਂ।

1.4. ਪਰਮਾਰਥ ਪ੍ਰਣਾਲੀ

ਭਾਈ ਗੁਰਦਾਸ ਜੀ ਦੇ ਸਮਾਨਾਂਤਰ ਹੀ ਗੁਰੂ ਅਰਜਨ ਦੇਵ ਜੀ ਦੇ ਭਤੀਜੇ ਮਿਹਰਬਾਨ ਸੋਢੀ ਨੇ ਪਰਮਾਰਥ ਪਰੰਪਰਾ ਦੀ ਸ਼ੁਰੂਆਤ ਕੀਤੀ। ਸੋਢੀ ਮਿਹਰਬਾਨ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਪ੍ਰਿਥਵੀ ਚੰਦ ਦੀ ਸੰਤਾਨ ਸਨ। ਉਨ੍ਹਾਂ ਦੁਆਰਾ ਕਈ ਰਚਨਾਵਾਂ (ਗੋਸ਼ਟਾਂ ਕਬੀਰ ਜੀ ਕੀਆਂ, ਗੋਸ਼ਟਾਂ ਭਗਤਾਂ ਕੀਆਂ, ਗੋਸ਼ਟਾਂ ਸਭਨਾਂ ਗੁਰਾਂ ਕੀਆਂ, ਭਗਤ ਬਾਣੀ ਪਰਮਾਰਥ, ਗੁਰੂ-ਬਾਣੀ ਪਰਮਾਰਥ, ਰਾਮਕਲੀ ਓਅੰਕਾਰ ਵੱਡਾ, ਸੁਖਮਨਾ ਸਹਸਰਨਾਮਾ, ਵਾਰ ਮੀਰਾ ਕੀ, ਮਸਲੇ ਸ਼ੇਖ ਫ਼ਰੀਦ ਕੇ, ਪੋਥੀ ਸੱਚਖੰਡ, ਬਸੰਤ ਕੀ ਵਾਰ ) ਰਚੀਆਂ ਗਈਆਂ। ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕ੍ਰਿਪਾਲ ਸਿੰਘ (ਸੰਪਾ.) ਪੋਥੀ ਸੱਚ ਖੰਡ ਦਾ ਪ੍ਰਕਾਸ਼ਿਤ ਰੂਪ ਹੈ, ਜਿਸ ਵਿਚ 153 ਗੋਸ਼ਟਾਂ ਹਨ। ਸੋਢੀ ਮਿਹਰਬਾਨ ਤੋਂ ਬਾਅਦ ਸੋਢੀ ਹਰਿ ਜੀ ਦੁਆਰਾ ਲੰਮੀਆਂ ਬਾਣੀਆਂ (ਓਅੰਕਾਰ (ਰਾਮਕਲੀ ਦਖਣੀ), ਪਟੀ (ਆਸਾ), ਬਾਰਹਮਾਹ (ਤੁਖਾਰੀ), ਸਿਧ ਗੋਸਟਿ (ਰਾਮਕਲੀ), ਜਪੁ ਜੀ) ਅਤੇ ਚਤਰਭੁਜ ਦੁਆਰਾ ਗੁਰੂ ਨਾਨਕ ਦੇਵ ਜੀ ਦੇ ਕਰਤਾਰਪੁਰ ਨਿਵਾਸ ਸਮੇਂ ਦੇ ਹਾਲ ਨੂੰ ਪੋਥੀ ਚਤਰਭੁਜ ਰਾਹੀਂ ਇਸ ਪਰਿਪਾਟੀ ਨੂੰ ਜਾਰੀ ਰਖਿਆ। ਇਸ ਪ੍ਰਣਾਲੀ ਦੁਆਰਾ ਕੀਤੀ ਵਿਆਖਿਆ ਦਾ ਕੇਂਦਰ ਗੁਰੂ ਨਾਨਕ ਦੇਵ ਜੀ ਦੀ ਬਾਣੀ ਸੀ। ਇਸ ਪਰੰਪਰਾ ਨੇ ਪਹਿਲੀ ਵਾਰ ਗੁਰੂ ਨਾਨਕ ਬਾਣੀ ਦੀ ਵਿਆਖਿਆ ਗੱਦ ਰੂਪ ਵਿਚ ਕੀਤੀ। ਇਨ੍ਹਾਂ ਦੁਆਰਾ ਕੀਤੀ ਵਿਆਖਿਆ ਵਿਚ ਸਾਹਿਤਕ ਗੁਣਾਂ ਦੀ ਵਿਸ਼ੇਸ਼ਤਾ, ਗੁਰਮਤਿ ਦੇ ਸਿਧਾਂਤਾਂ ਦਾ ਵਿਖਿਆਨ ਸ਼ਾਮਿਲ ਹੈ। ਇਸ ਸੰਪ੍ਰਦਾ ਵਲੋਂ ਗੁਰਮਤਿ ਸਿਧਾਂਤਾਂ ਅਤੇ ਗੁਰੂ ਨਾਨਕ ਸਾਹਿਬ ਦੀ ਬਾਣੀ ਨੂੰ ਗੁਰੂ ਆਸ਼ੇ ਅਨੁਸਾਰ ਵਿਆਖਿਆਇਆ ਗਿਆ।

1.5. ਨਿਰਮਲਾ ਪ੍ਰਣਾਲੀ

ਗੁਰੂ ਅਰਜਨ ਦੇਵ ਜੀ ਦੁਆਰਾ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਸੰਪਾਦਨ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਸੰਕਲਨ/ਸੰਪਾਦਨ ਕੀਤਾ, ਜਿਸ ਦੇ ਲਿਖਾਰੀ ਭਾਈ ਮਨੀ ਸਿੰਘ ਸਨ। ਇਸ ਸਮੇਂ ਦੌਰਾਨ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਕਈ ਪੁਰਾਣੀ ਵਿਦਿਆ ਦਾ ਪੰਜਾਬੀ ਵਿਚ ਉਲਥਾ ਕਰਵਾਇਆ ਗਿਆ। ਗੁਰੂ ਸਾਹਿਬ ਨੇ ਪੰਜ ਸਿੰਘਾਂ ਨੂੰ ਕਾਸ਼ੀ ਵਿਖੇ ਪੁਰਾਣੀ ਵਿੱਦਿਆ ਪ੍ਰਾਪਤੀ ਲਈ ਭੇਜਿਆ। ਜੋ ਨਿਰਮਲੇ ਸੰਪ੍ਰਦਾਇ ਦੇ ਸ਼ੁਰੂਆਤੀ ਆਗੂ ਸਨ। ਇਸ ਸੰਪ੍ਰਦਾਇ ਨੇ ਟੀਕੇ, ਸਟੀਕ, ਗੁਰ-ਇਤਿਹਾਸ ਲਿਖਣ ਨਾਲ ਗੁਰਮਤਿ ਪ੍ਰਚਾਰ/ਪ੍ਰਸਾਰ ਦੀ ਪਰਿਪਾਟੀ ਵਿਚ ਆਪਣਾ ਯੋਗਦਾਨ ਪਾਇਆ। ਇਸ ਪਰਿਪਾਟੀ ਨਾਲ ਸੰਬੰਧਿਤ ਭਾਈ ਸੰਤੋਖ ਸਿੰਘ (ਸ੍ਰੀ ਗੁਰੂ ਨਾਨਕ ਪ੍ਰਕਾਸ਼, ਗੁਰ ਪ੍ਰਤਾਪ ਸੂਰਜ ਗ੍ਰੰਥ) ਪੰਡਿਤ ਤਾਰਾ ਸਿੰਘ ਨਰੋਤਮ (ਮੋਖ ਪੰਥ ਟੀਕਾ, ਸੁਰ ਤਰੁ ਕੋਸ਼, ਗੁਰਮਤਿ ਨਿਰਣਯ ਸਾਗਰ, ਅਕਾਲ ਮੂਰਤਿ ਪ੍ਰਦਰਸ਼ਨ, ਗੁਰੂ ਵੰਸ਼ ਤਰੁ ਦਰਪਣ, ਜਪੁ, ਰਹਿਰਾਸ, ਸੋਹਿਲਾ ਤੇ ਸ਼ਬਦ ਹਜ਼ਾਰੇ ਦਾ ਟੀਕਾ, ਭਗਤਾਂ ਦੀ ਬਾਣੀ ਦਾ ਟੀਕਾ, ਗੁਰ ਤੀਰਥ ਸੰਗ੍ਰਹਿ, ਟੀਕਾ ਸ੍ਰੀ ਰਾਗ, ਗੁਰ ਗ੍ਰਿਰਾਥ ਕੋਸ਼), ਭਾਈ ਦਲ ਸਿੰਘ ਗਯਾਨੀ (ਬਾਵਨ ਅਖਰੀ ਭਾਵਾਰਥ ਪ੍ਰਕਾਸ਼ਨੀ ਟੀਕਾ) ਸੰਤ ਦੇਵਾ ਸਿੰਘ (ਜਪੁ ਪ੍ਰਦੀਪ), ਭਾਈ ਗਿਆਨ ਸਿੰਘ (ਜਪੁ ਜੀ ਸਟੀਕ), ਪੰਡਿਤ ਗੁਲਾਬ ਸਿੰਘ (ਜਪੁ ਜੀ ਸਟੀਕ), ਸਾਧੂ ਗੁਰਦਿਤ ਸਿੰਘ (ਜਪੁ ਜੀ ਸਟੀਕ), ਸੰਤ ਸੰਪੂਰਣ ਸਿੰਘ (ਸਿਧਾਂਤ ਬੋਧਨੀ ਟੀਕਾ, ਭਗਤ ਬਾਣੀ ਮਰਮ ਬੋਧਨੀ), ਸੰਤ ਨਿਰੰਕਾਰ ਸਿੰਘ (ਪਦ ਅਰਥ ਵੀਚਾਰ ਸਾਗਰ, ਨਿਰੰਕਾਰੀ ਗਿਆਨ ਬਿਬੇਕ, ਕਲਿਆਣ-ਮਾਰਗ) ਟੀਕਾਕਾਰ ਹਨ। ਇਨ੍ਹਾਂ ਵਲੋਂ ਕੀਤੇ ਟੀਕਾਵਾਂ ਦੀ ਬੋਲੀ ਉਤੇ ਸਾਧ ਭਾਸ਼ਾ ਦਾ ਪ੍ਰਭਾਵ, ਉੱਤਰੀ ਪੂਰਬੀ ਇਲਾਕੇ ਵਿਚ ਰਹਿਣ ਕਰਕੇ ਹਿੰਦੂ ਸੰਸਕ੍ਰਿਤੀ ਦਾ ਪ੍ਰਭਾਵ ਪ੍ਰਤੱਖ ਦੇਖਣ ਨੂੰ ਮਿਲਦਾ ਹੈ। ਇਕ ਪੰਕਤੀ ਦੇ ਅਨੇਕ ਅਰਥ ਕਰਨੇ (ਅਰਥਾਂ ਦੀ ਅਨਿਸ਼ਚਿਤਤਾ), ਮਿਥਿਹਾਸ/ਪੌਰਾਣਿਕ ਕਹਾਣੀਆਂ ਦੀ ਉਥਾਨਕਤਾ, ਵੇਦਾਂਤੀ ਰੰਗ ਆਦਿ ਇਨ੍ਹਾਂ ਦੁਆਰਾ ਕੀਤੀ ਟੀਕਾਕਾਰੀ ਦੀ ਵਿਸ਼ੇਸ਼ਤਾ ਹੈ।

1.6. ਸੰਪ੍ਰਦਾਈ/ਗਿਆਨੀ ਪ੍ਰਣਾਲੀ

ਜੰਗਾਂ/ਯੁੱਧਾਂ ਤੋਂ ਸਮਾਪਤੀ ਉਪਰੰਤ ਗੁਰੂ ਸਾਹਿਬ ਨੇ ਤਲਵੰਡੀ ਸਾਬੋ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਈ ਉਤਾਰੇ ਕਰਵਾਏ। ਇਥੇ ਹੀ ਮਹਾਰਾਜ ਆਪ ਬਾਣੀ ਦੇ ਅਰਥ ਸੰਗਤਾਂ ਨੂੰ ਪਰਪੱਕ ਕਰਾਉਂਦੇ ਰਹੇ। ਭਾਈ ਮਨੀ ਸਿੰਘ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੂਜੇ ਵਾਧਾ ਲਿਖਾਰੀ ਹਨ, ਗੁਰੂ ਸਾਹਿਬ ਕੋਲੋਂ ਗੁਰਬਾਣੀ ਦੇ ਅਰਥ ਸੁਣਨ ਅਤੇ ਕਥਾ ਦੀ ਸੇਵਾ ਵੀ ਨਿਭਾਉਂਦੇ ਰਹੇ। ਅਰਥ ਗ੍ਰਹਿਣ/ਕਰਨ ਦੀ ਇਸ ਪਰਿਪਾਟੀ ਨੂੰ ਸੰਪ੍ਰਦਾਈ ਜਾਂ ਗਿਆਨੀ ਟਕਸਾਲੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਸੰਪ੍ਰਦਾਇ ਦੀਆਂ ਕਈ ਸ਼ਖਾਵਾਂ ਅਗੇ ਫੈਲੀਆਂ, ਜਿਸ ਦਾ ਕਾਰਨ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਕੀਤੇ ਅਰਥਾਂ ਦੀ ਮੋਹਰ ਛਾਪ ਰੂਪ ਵਿਚ ਕਾਰਜਸ਼ੀਲ ਹੈ। ਇਸ ਪਰਿਪਾਟੀ ਵਿਚ ਬਾਣੀ ਦੇ ਅਰਥ ਕਰਨ ਤੋਂ ਪਹਿਲਾਂ ਉਥਾਨਕਾ ਤਿਆਰ ਕਰਨੀ, ਬਾਣੀ ਸਿਧਾਂਤਾਂ/ਸੰਕਲਪਾਂ ਦੀ ਪਰਪੱਕਤਾ ਲਈ ਮਿਥਿਹਾਸਕ ਪ੍ਰਸੰਗ ਸੁਣਾਉਣੇ, ਪੰਕਤੀ ਦਰ ਪੰਕਤੀ ਟੀਕਾ, ਦਸਮ

Academic Journal of Excellence Bi-Annual Peer Reviewed Journal

ਗ੍ਰੰਥ ਅਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚੋਂ ਪ੍ਰਮਾਣ ਰੂਪੀ ਹਵਾਲੇ ਦੇਣ ਤੋਂ ਇਲਾਵਾ ਰਹਿਤ ਮਰਯਾਦਾ ਆਦਿ ਉਪਰ ਕੇਂਦਰਿਤ ਹੈ।

ਉਪਰੋਕਤ ਤੋਂ ਸਾਨੂੰ ਸਪੱਸ਼ਟ ਹੁੰਦਾ ਹੈ ਕਿ ਗੁਰਬਾਣੀ ਵਿਆਖਿਆ ਦੀ ਸ਼ੁਰੂਆਤ ਗੁਰੂ ਨਾਨਕ ਜੀ ਦੀ ਬਾਣੀ ਨਾਲ ਆਰੰਭ ਹੁੰਦੀ ਹੋਈ ਵੱਖ-ਵੱਖ ਸੰਪ੍ਰਦਾਇ ਪਰਿਪਾਟੀਆਂ ਅੰਤਰਗਤ ਵਿਚਰਦੀ ਹੋਈ ਗੁਰੂ ਗੋਬਿੰਦ ਸਿੰਘ ਜੀ ਤੱਕ ਪਹੁੰਚਦੀ ਹੈ। ਇਸ ਸਮੇਂ ਤੋਂ ਗੁਰੂ ਨਾਨਕ ਬਾਣੀ ਨੂੰ ਵੱਖ-ਵੱਖ ਪਰਿਪਾਟੀਆਂ ਨੇ ਅਧਿਐਨ ਦਾ ਕੇਂਦਰ ਬਣਾਇਆ, ਜਿਸ ਵਿਚ ਅਸੀਂ ਦੇਖਦੇ ਕਿ ਪਰਮਾਰਥ ਪ੍ਰਣਾਲੀ ਅੰਤਰਗਤ ਗੁਰੂ ਨਾਨਕ ਦੇਵ ਜੀ ਜੀਵਨੀ ਅਤੇ ਬਾਣੀ ਨੂੰ ਵਿਚਾਰਿਆ ਗਿਆ ਹੈ; ਨਿਰਮਲਿਆਂ ਦੇ ਟੀਕੇ ਵੀ ਗੁਰੂ ਨਾਨਕ ਜੀ ਦੀ ਸ਼ਾਹਕਾਰ ਰਚਨਾ 'ਜਪੁ' ਤੇ ਕੇਂਦਰਿਤ ਹਨ। ਲਿਖਤ ਰੂਪ ਵਿਚ ਸਾਨੂੰ ਨਿਰਮਲਿਆਂ ਦੇ ਦੁਆਰਾ ਰਚੇ ਸਟੀਕ ਪ੍ਰਾਪਤ ਹੁੰਦੇ ਹਨ।

### 2. ਅਠਾਰਵੀਂ ਸਦੀ ਦੀ ਗੁਰਬਾਣੀ ਟੀਕਾਕਾਰੀ ਪਰੰਪਰਾ

ਗੁਰੂ ਕਾਲ ਦੇ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਤੋਂ ਲੈ ਕੇ ਉਨ੍ਹਾਂ ਦੀ ਵਿਆਖਿਆਕਾਰੀ ਸੰਬੰਧੀ ਵੱਖ-ਵੱਖ ਸੰਪ੍ਰਦਾਵਾਂ ਨੇ ਕਿਵੇਂ ਲਿਖਤੀ ਅਤੇ ਮੌਖਿਕ ਯੋਗਦਾਨ ਪਾਇਆ, ਜਿਸ ਵਿਚ ਜਨਮਸਾਖੀ ਪਰੰਪਰਾ, ਉਦਾਸੀ ਪ੍ਰਣਾਲੀ, ਪਰਮਾਰਥ ਪਰੰਪਰਾ, ਨਿਰਮਲਾ ਸੰਪ੍ਰਦਾ, ਭਾਈ ਪ੍ਰਣਾਲੀ, ਗਿਆਨੀ ਪਰਿਪਾਟੀ ਉਲੇਖਯੋਗ ਹਨ। ਅਠਾਰ੍ਹਵੀਂ ਨੂੰ ਇਤਿਹਾਸਿਕ ਪਰਿਪੇਖ ਤੋਂ ਵਿਚਾਰਦਿਆਂ ਪਤਾ ਲਗਦਾ ਹੈ ਕਿ ਇਹ ਮੁਗ਼ਲਾਂ ਦੀ ਅਧੋਗਤੀ ਦਾ ਸਮਾਂ ਸੀ। ਗੁਰੂ ਗੋਬਿੰਦ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਨੂੰ ਗੁਰਿਆਈ ਰੂਪ ਵਿਚ ਸਿੱਖਾਂ ਦੇ ਗਿਆਰਵੇਂ ਗੁਰੂ ਰੂਪ ਵਿੱਚ ਸੋਭਾਇਮਾਨ ਕਰ ਗਏ ਸਨ। ਇਹੀ ਸਮਾਂ ਮਾਧੋ ਦਾਸ (ਬਾਬਾ ਬੰਦਾ ਸਿੰਘ ਬਹਾਦਰ) ਪੰਜਾਬ ਵਿਚ ਆਉਣ ਦਾ ਹੈ। ਪੱਤਾ-ਪੱਤਾ ਦੁਸ਼ਮਣੀ ਰੂਪ ਸਮੇਂ ਵਿਚ ਆਪਣੀ ਹੋਂਦ ਨੂੰ ਬਣਾਈ ਰੱਖਣ, ਵਿਰਸੇ ਵਿਚ ਪ੍ਰਾਪਤ ਖ਼ਜਾਨੇ ਦੀ ਸੰਭਾਲ ਅਤੇ ਪ੍ਰੇਰਨਾ ਰੂਪ ਸਾਹਿਤ ਦੀ ਲੋੜ ਸੀ, ਜਿਸ ਵਿਚੋਂ ਗੁਰਬਿਲਾਸ ਪਰੰਪਰਾ, ਪ੍ਰਕਾਸ਼ ਪਰੰਪਰਾ ਰੂਪ ਵਿਚ ਸਾਹਿਤ ਸਿਰਜਿਆ ਜਾਂਦਾ ਹੈ। ਇਹ ਭਾਵੇਂ ਟੀਕਾਕਾਰੀ ਨਾਲ ਸਿੱਧਾ ਸੰਬੰਧਿਤ ਨਹੀਂ, ਪਰੰਤੂ ਇਹ ਟੀਕਾਕਾਰੀ ਦੇ ਸੰਦਰਭ ਸ੍ਰੋਤ ਵਜੋਂ ਕਾਰਜਸ਼ੀਲ ਹਨ। ਇਨ੍ਹਾਂ ਵਿਚ ਮਿਲਦੀ ਸੂਚਨਾ ਨਾ ਸਿਰਫ਼ ਗੁਰੂ ਕਾਲ ਦੇ ਸਮੇਂ, ਬਲਕਿ ਬਾਣੀ ਦੇ ਪਿਛੋਕੜ ਨੂੰ ਸਮਝਣ ਵਿਚ ਅਹਿਮ ਭੂਮਿਕਾ ਹੈ। ਇਹ ਸ੍ਰੋਤ 'ਗੁਰੂ ਗ੍ਰੰਥ' ਦੇ ਨਾਲ-ਨਾਲ 'ਗੁਰੂ ਪੰਥ' ਦੇ ਸਰੂਪ ਨੂੰ ਸਮਝਣ ਲਈ ਵਿਸ਼ੇਸ਼ ਦ੍ਰਿਸ਼ਟੀ ਪ੍ਰਦਾਨ ਕਰਦੇ ਹਨ।

### 2.1. ਗੁਰਬਿਲਾਸ ਪਰੰਪਰਾ

ਗੁਰਬਿਲਾਸ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਸ਼ਬਦ ਹੈ, ਡਾ. ਰਤਨ ਸਿੰਘ ਜੱਗੀ ਅਨੁਸਾਰ "ਦੋ ਸ਼ਬਦਾਂ ਦਾ ਸੰਯੁਕਤ ਰੂਪ ਹੈ ਗੁਰ ਅਤੇ ਬਿਲਾਸ। ਗੁਰ ਸ਼ਬਦ ਤੋਂ ਇਥੇ ਭਾਵ ਹੈ ਗੁਰੂ ਜੋ ਵਿਸ਼ੇਸ਼ ਰੂਪ ਵਿਚ ਸਿੱਖ ਗੁਰੂ ਸਾਹਿਬਾਂ ਨਾਲ ਸੰਬੰਧਿਤ ਹੈ ਜਾਂ ਉਨ੍ਹਾਂ ਦਾ ਵਾਚਕ ਹੈ। ਬਿਲਾਸ ਸ਼ਬਦ ਸੰਸਕ੍ਰਿਤ ਦੇ ਵਿਲਾਸ ਸ਼ਬਦ ਦਾ ਤਦਭਵ ਰੂਪ ਹੈ ਜਿਸ ਦਾ ਅਰਥ ਹੈ ਕ੍ਰੀੜਾ, ਖੇਡ, ਲੀਲਾ।" ਸਧਾਰਨ ਸ਼ਬਦਾਂ ਵਿੱਚ ਇਸ ਦਾ ਅਰਥ ਹੈ ਗੁਰੂ ਦਾ ਜੀਵਨ। ਇਸ ਵਿਧਾ ਨਾਲ ਸੰਬੰਧਿਤ ਹੇਠ ਲਿਖੇ ਸੰਦਰਭ ਸ੍ਰੋਤ ਮਿਲਦੇ ਹਨ।

### 2.2.ਸ੍ਰੀ ਗੁਰ ਸੋਭਾ

ਇਹ ਰਚਨਾ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਸੈਨਾਪਤਿ ਦੀ ਕ੍ਰਿਤ ਹੈ। ਇਸ ਦੇ ਨਾਂ ਤੋਂ ਹੀ ਸਪਸ਼ਟ ਹੈ ਕਿ ਇਹ ਗੁਰੂ ਦੀ ਸੋਭਾ (ਭਾਵ ਗੁਰੂ ਗੋਬਿੰਦ ਸਿੰਘ ਜੀ) ਨਾਲ ਸੰਬੰਧਿਤ ਸ੍ਰੋਤ ਹੈ। ਇਸ ਵਿਚ ਸਾਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਇਤਿਹਾਸਿਕ ਯੁੱਗ ਲੜੀ ਦਾ ਵੇਰਵਾ ਪ੍ਰਾਪਤ ਹੁੰਦਾ ਹੈ। ਇਸ ਵਿਚ ਕੁਲ 20 ਅਧਿਆਇ ਹਨ, ਜਿਸ ਦੇ 934 ਕਾਵਿ ਬੰਦ ਹਨ। ਇਹ ਰਚਨਾ ਖ਼ਾਲਸਾ ਪੰਥ ਦੇ ਇਤਿਹਾਸ ਨੂੰ ਕਾਵਿਮਈ ਅੰਦਾਜ਼ ਵਿੱਚ ਪ੍ਰਸਤੁਤ ਕਰਦੀ ਹੈ। ਇਸ ਸੰਦਰਭ ਸ੍ਰੋਤ ਦਾ ਆਧਾਰ ਸਮੱਗਰੀ ਮੌਖਿਕ ਪਰੰਪਰਾ, ਬਚਿਤਰ ਨਾਟਕ ਅਤੇ ਰਚਨਾਕਾਰ ਦੀ ਅੱਖੀਂ ਡਿੱਠੇ ਬਿਰਤਾਂਤ ਹਨ।

### 2.3. ਗੁਰਬਿਲਾਸ ਪਾਤਸ਼ਾਹੀ ੬

ਇਸ ਰਚਨਾ ਦੇ ਰਚਨਾ ਕਾਲ ਬਾਰੇ ਭਿੰਨ-ਭਿੰਨ ਰਾਵਾਂ ਹਨ। ਵਿਦਵਾਨਾਂ (ਡਾ. ਫੌਜਾ ਸਿੰਘ, ਡਾ. ਗੰਡਾ ਸਿੰਘ) ਨੇ ਇਸ ਦਾ ਰਚਨਾ ਕਾਲ 1718 ਈ. ਮੰਨਿਆ ਹੈ। ਇਸ ਸੰਦਰਭ ਸ੍ਰੋਤ ਗ੍ਰੰਥ ਦੇ ਰਚੇਤਾ (ਗ੍ਰੰਥ ਦੀ ਅੰਦਰੂਨੀ ਸਾਖੀ ਤੋਂ) ਭਾਈ ਭਗਤ ਸਿੰਘ ਹਨ। ਇਸ ਰਚਨਾ ਵਿਚ ਕੁਲ 21 ਬੰਦ ਹਨ, ਜਿਨ੍ਹਾਂ ਵਿਚ ਨਾਇਕ ਵਜੋਂ ਗੁਰੂ ਹਰਿਗੋਬਿੰਦ ਸਿੰਘ ਸਾਹਿਬ ਨੂੰ ਪੇਸ਼ ਕੀਤਾ ਗਿਆ ਹੈ। ਭਾਵੇਂ ਕਿ ਇਹ ਰਚਨਾ ਗੁਰੂ ਹਰਿਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਹੈ, ਪਰੰਤੂ ਇਸ ਵਿਚ ਕੁਝ ਸਮੱਗਰੀ ਗੁਰਮਤਿ ਆਸ਼ੇ ਦੀ ਵਿਰੋਧੀ ਹੈ। ਇਸ ਰਚਨਾ ਕਾਲ ਦੇ ਸਮੇਂ ਅਨੁਸਾਰ ਇਹ ਸਿੱਖਾਂ ਨਾਲ ਮੁਗ਼ਲਾਂ ਦੀ ਵਿਰੋਧਤਾਈ ਅਤੇ ਬ੍ਰਹਮਣਾਂ ਦੀ ਖੁਣਕ ਦਾ ਪ੍ਰਭਾਵ ਹੈ।

### 2.4. ਗੁਰਬਿਲਾਸ ਪਾਤਸ਼ਾਹੀ ੧੦

ਗੁਰਬਿਲਾਸ ਪਾਤਸ਼ਾਹੀ ੧੦ ਰਚਨਾ ਦੇ ਰਚਨਾਕਾਰ ਕੁਇਰ ਸਿੰਘ ਹਨ। ਇਸ ਵਿਚ ਗੁਰੂ ਗੋਬਿੰਦ ਸਿੰਘ ਦੇ ਨਾਲ-ਨਾਲ ਭਾਈ ਮਨੀ ਸਿੰਘ ਦਾ ਜ਼ਿਕਰਯੋਗ ਸਥਾਨ ਹੈ। ਇਸ ਰਚਨਾ ਦਾ ਰਚਨਾ ਕਾਲ

(ਅੰਦਰਨੀ ਗਵਾਹੀ ਤੋਂ) 1751 ਈ. ਹੈ। 21 ਅਧਿਆਇਆਂ ਦੀ ਇਸ ਰਚਨਾ ਵਿਚ 2938 ਕਾਵਿ-ਬੰਦ ਰੂਪ ਸ਼ੈਲੀ ਅੰਤਰਗਤ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਪੇਸ਼ ਕੀਤਾ ਗਿਆ ਹੈ।

2.5. ਗੁਰਬਿਲਾਸ ਪਾਤਸ਼ਾਹੀ ੧੦

ਸੰਬੰਧਿਤ ਰਚਨਾ ਦੇ ਕ੍ਰਿਤਕਾਰ ਸੁਖਾ ਸਿੰਘ ਹਨ। 1797 ਈ. (ਅੰਦਰੂਨੀ ਗਵਾਹੀ ਅਨੁਸਾਰ) ਇਸ ਰਚਨਾ ਦਾ ਰਚਨਾ ਕਾਲ ਹੈ। 31 ਅਧਿਆਇ ਦੀ ਇਸ ਰਚਨਾ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ, ਯੁੱਧਾਂ ਦਾ ਵਿਆਖਿਆਨ ਪੇਸ਼ ਕੀਤਾ ਗਿਆ ਹੈ। ਇਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਅਜਿਹੇ ਤੱਥ ਹਨ, ਜੋ ਪੂਰਵ ਵਰਤੀ ਰਚਨਾਵਾਂ ਵਿਚ ਨਹੀਂ ਮਿਲਦੇ।

2.6. ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ

ਵਿਸ਼ੇ ਅਧੀਨ ਰਚਨਾ ਦੇ ਲੇਖਕ ਭਾਈ ਕੇਸਰ ਸਿੰਘ ਛਿੱਬਰ ਹਨ। ਇਸ ਰਚਨਾ ਦਾ ਰਚਨਾ ਕਾਲ ਸਾਵਨ 1769 ਈ. ਤੋਂ ਅੱਸੂ 1769 ਦਾ ਹੈ। 14 ਪ੍ਰਕਰਣਾਂ ਦੀ ਇਸ ਰਚਨਾ ਵਿਚ ਗੁਰੂ ਗੋਬਿੰਦ ਸਿੰਘ ਜੀ ਬੰਸਾਵਲੀ, ਸਮਕਾਲੀ ਰਾਜਸੀ, ਸਮਾਜਿਕ, ਧਾਰਮਿਕ ਪ੍ਰਸਥਿਤੀਆਂ ਬਾਰੇ ਜਾਣਕਾਰੀ ਮਿਲਦੀ ਹੈ।

ਉਪੋਰਕਤ ਸੰਦਰਭ ਸ੍ਰੋਤ ਗੁਰੂ ਹਰਿਗੋਬਿੰਦ ਸਿੰਘ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਹਨ। ਸਿੱਖ ਇਤਿਹਾਸ ਵਿਚ ਗੁਰੂ ਹਰਿਗੋਬਿੰਦ ਸਿੰਘ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਲੜਾਈਆਂ ਰੂਪ ਵਿਚ ਮੁਗ਼ਲਾਂ ਨਾਲ ਟੱਕਰ ਲਈ। ਇਨ੍ਹਾਂ ਸੰਦਰਭ ਸ੍ਰੋਤ ਪੁਸਤਕਾਂ ਵਿਚ ਕੁਝ ਅਜਿਹੀ ਸਮੱਗਰੀ ਸ਼ਾਮਿਲ ਹੈ ਜੋ ਗੁਰਮਤਿ ਆਸ਼ੇ ਦੇ ਅਨੁਸਾਰੀ ਨਹੀਂ। ਇਸ ਦਾ ਕਾਰਨ ਰਚਨਾਵਾਂ ਦੇ ਰਚਨਾ ਕਾਲ ਸਮੇਂ ਸਮਕਾਲੀ ਰਾਜਨੀਤਿਕ ਅਤੇ ਧਾਰਮਿਕ ਪ੍ਰਸਥਿਤੀਆਂ ਹਨ। ਇਹ ਰਚਨਾ ਉਸ ਸਮੇਂ ਦੀਆਂ ਹਨ, ਜਦੋਂ ਹੋਂਦਹਸਤੀ ਕਾਇਮ ਰਖਣਾ ਪ੍ਰਮੁੱਖ ਸੀ। ਇਸ ਲਈ ਇਹ ਸਿੱਖ ਇਤਿਹਾਸ ਦੀਆਂ ਕਈ ਗੁੰਝਲਾਂ ਨੂੰ ਮੁਖ਼ਾਤਿਬ ਹੁੰਦੀਆਂ ਹਨ।

2.2.1. ਪ੍ਰਕਾਸ਼ ਪਰੰਪਰਾ

ਗੁਰਬਿਲਾਸ ਪਰੰਪਰਾ ਵਾਂਗ 'ਪ੍ਰਕਾਸ਼ ਪਰੰਪਰਾ' ਵੀ ਵਿਆਖਿਆਕਾਰੀ ਦੇ ਸੰਦਰਭ ਗ੍ਰੰਥਾਂ ਵਿਚ ਸ਼ਾਮਿਲ ਹਨ। ਪ੍ਰਕਾਸ਼ ਦਾ ਅਰਥ ਡਾ. ਜੋਗਾ ਸਿੰਘ "ਗੁਰੂ ਗ੍ਰੰਥ ਸਾਹਿਬ ਜੀ ਦੇ ਖੁੱਲ੍ਹਣ ਦਾ ਭਾਵ; ਰੋਸ਼ਨੀ, ਚਾਨਣ, ਲੋਅ; ਨੂਰ, ਚਮਕ; ਫੈਲਾਅ" ਕਰਦੇ ਹਨ। ਸਾਹਿਤ ਵਿਚ ਇਸ ਦਾ ਅਰਥ ਹੈ ਉਹ ਰਚਨਾ ਜੋ ਕਿਸੇ ਖਾਸ ਸਮੇਂ, ਵਿਅਕਤੀ ਦੀ ਜ਼ਿੰਦਗੀ ਦੇ ਪ੍ਰਕਾਸ਼ ਭਾਵ ਜਾਣਕਾਰੀ ਦੇਵੇ। ਗੁਰਮਤਿ ਇਸ ਦੇ ਅਰਥ ਗੁਰੂ ਸਾਹਿਬਾਨ ਦੇ ਜੀਵਨ ਵੇਰਵਿਆਂ ਉਪਰ ਪ੍ਰਕਾਸ਼ ਪਾਉਣਾ ਹੈ। ਗੁਰਬਿਲਾਸਾਂ ਵਾਂਗ ਇਹ ਕਾਵਿ ਰੂਪ ਵਿਚ ਰਚੇ ਗਏ। ਅਠਾਰਵੀਂ ਸਦੀ ਤਕ ਗੁਰਮਤਿ ਸਾਹਿਤ ਵਿਚ ਪਦ ਸ਼ੈਲੀ ਦਾ ਬੋਲਬਾਲਾ ਅਤੇ ਭਾਸ਼ਾ ਸੰਜੋਗਾਤਮਕ ਰਹੀ ਹੈ, ਪਰੰਤੂ ਇਸ ਪਰਿਪਾਟੀ ਵਿਚ ਸਾਨੂੰ ਇਕ ਰਚਨਾ ਵਾਰਤਕ ਰੂਪ ਵਿਚ ਵੀ ਉਪਲੱਬਧ ਹੁੰਦੀ ਹੈ। ਇਸ ਪਰੰਪਰਾ ਅੰਤਰਗਤ ਸਾਨੂੰ ਅਠਾਰਵੀਂ ਦੇ ਹੇਠ ਲਿਖੇ ਸੰਦਰਭ ਸ੍ਰੋਤ ਗ੍ਰੰਥ ਮਿਲਦੇ ਹਨ।

2.2.2. ਮਹਿਮਾ ਪ੍ਰਕਾਸ਼ (ਵਾਰਤਕ)

ਇਸ ਰਚਨਾ ਦੇ ਰਚਨਾਕਾਰ ਅਤੇ ਰਚਨਾਕਾਲ ਬਾਰੇ ਕਈ ਰਾਵਾਂ ਹਨ। ਡਾ. ਕੁਲਵਿੰਦਰ ਸਿੰਘ ਬਾਜਵਾ ਇਸ ਨੂੰ 1776 ਈ. (ਮਹਿਮਾ ਪ੍ਰਕਾਸ਼ ਕਵਿਤਾ) ਤੋਂ ਪਹਿਲਾਂ ਦੀ ਰਚਨਾ ਮੰਨਦੇ ਹਨ। ਇਹ ਗੁਰੂ ਸਾਹਿਬਾਨ ਦੇ ਜੀਵਨ ਤੱਥਾਂ ਉਪਰ ਚਾਨਣਾ ਪਾਉਣ ਵਾਲਾ ਮਹੱਤਵਪੂਰਨ ਸੰਦਰਭ ਗ੍ਰੰਥ ਹੈ।

2.2.3. ਮਹਿਮਾ ਪ੍ਰਕਾਸ਼ (ਕਵਿਤਾ)

ਇਸ ਰਚਨਾ ਦੇ ਲੇਖਕ ਬਾਵਾ ਸਰੂਪ ਦਾਸ ਭੱਲਾ ਜੀ ਹਨ। ਇਹ ਤੀਜੇ ਪਾਤਸਾਹ ਗੁਰੂ ਅਮਰਦਾਸ ਜੀ ਦੇ ਵੰਸ਼ ਨਾਲ ਸੰਬੰਧਿਤ ਸਨ। ਅੰਦਰੂਨੀ ਗਵਾਹੀ ਅਨੁਸਾਰ ਇਸ ਰਚਨਾ ਦਾ ਰਚਨਾ ਕਾਲ 1776ਈ. ਮੰਨਿਆ ਜਾਂਦਾ ਹੈ। ਇਹ ਪਹਿਲਾ ਅਜਿਹਾ ਸੰਦਰਭ ਸ੍ਰੋਤ ਹੈ, ਜਿਸ ਗੁਰੂ ਸਾਹਿਬਾਨ ਤੋਂ ਇਲਾਵਾ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਭਰਪੂਰ ਮਾਤਰਾ ਵਿਚ ਤੱਥ ਮਿਲਦੇ ਹਨ। ਇਸ ਵਿਚ ਕੁਲ 237 ਸਾਖੀਆਂ ਹਨ, ਜਿਨ੍ਹਾਂ ਵਿਚ 65 ਸਾਖੀਆਂ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਹਨ ਜੋ ਕਿ ਇਸ ਸੰਦਰਭ ਗ੍ਰੰਥ ਦਾ ਚੌਥਾ ਹਿੱਸਾ ਬਣਦਾ ਹੈ। ਆਧਾਰ ਸਮੱਗਰੀ ਵਜੋਂ ਗੁਰਬਾਣੀ, ਭਾਈ ਗੁਰਦਾਸ, ਗੁਰੂ ਕਾਲ ਦੇ ਵਿਅਕਤੀ ਵਿਸ਼ੇਸ਼ ਅਤੇ ਹੋਰ ਗੁਰਮਤਿ ਸਾਹਿਤ ਨੂੰ ਹਵਾਲੇ ਰੂਪ ਵਜੋਂ ਵਰਤਿਆ ਗਿਆ ਹੈ।

2.2.4. ਸ੍ਰੀ ਗੁਰ ਪੰਥ ਪ੍ਰਕਾਸ਼

ਇਸ ਕਿਰਤ ਦੇ ਰਚਨਾਕਾਰ ਰਤਨ ਸਿੰਘ ਭੰਗੂ ਹਨ। ਇਸ ਰਚਨਾ ਨੂੰ 'ਪ੍ਰਾਚੀਨ ਪੰਥ ਪ੍ਰਕਾਸ਼' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਅੰਦਰੂਨੀ ਗਵਾਹੀ ਅਨੁਸਾਰ ਇਸ ਰਚਨਾ ਦਾ ਰਚਨਾਕਾਲ 1841 ਈ. ਹੈ, ਜੋ ਮਹਾਰਾਜਾ ਰਣਜੀਤ ਸਿੰਘ ਦਾ ਕਾਲ ਬਣਦਾ ਹੈ। ਇਹ ਕਾਵਿਮਈ ਸ਼ੈਲੀ ਵਿਚ ਦਰਜ ਇਤਿਹਾਸਕ ਕਥਾ ਹੈ, ਜਿਸ ਵਿਚ ਸਿੱਖ ਸੰਘਰਸ਼ ਦੀ ਵਿਥਿਆ ਬਿਆਨੀ ਗਈ ਹੈ। ਇਸ ਰਚਨਾ ਵਿਚ 1675-1775 ਈ. ਦਾ ਇਤਿਹਾਸਿਕ ਪੈਂਡਾ ਸਰ ਕੀਤਾ ਗਿਆ ਹੈ। ਇਹ ਖ਼ਾਲਸੇ ਦੇ ਉਤਪਤੀ ਇਤਿਹਾਸ, ਵਿਕਾਸ ਬਾਰੇ ਭਰਪੂਰ ਮਾਤਰਾ ਵਿਚ ਜਾਣਕਾਰੀ ਮਿਲਦੀ ਹੈ।

ਇਸ ਤਰ੍ਹਾਂ ਉਪਰੋਕਤ ਅਸੀਂ ਅਠਾਰਵੀਂ ਸਦੀ ਵਿਚ ਗੁਰਬਾਣੀ ਟੀਕਾਕਾਰੀ ਦੇ ਪ੍ਰਸੰਗ ਵਿਚ ਸ੍ਰੋਤ ਸੰਦਰਭ ਗ੍ਰੰਥਾਂ ਦਾ ਜ਼ਿਕਰ ਕੀਤਾ

ਹੈ, ਜੋ ਸਿੱਧੇ ਰੂਪ ਵਿਚ ਟੀਕਾਕਾਰੀ ਦਾ ਹਿੱਸਾ ਨਹੀਂ ਹਨ। ਇਨ੍ਹਾਂ ਵਿਚ ਮਿਲਦੇ ਇਤਿਹਾਸਿਕ ਵੇਰਵੇ ਜਿਥੇ ਸਿੱਖ ਇਤਿਹਾਸ ਦੀ ਤਸਵੀਰ ਨਿਤਾਰਦੇ ਹਨ, ਉਥੇ ਹੀ ਇਹ ਬਾਣੀ ਦੇ ਪਿਛੋਕੜ ਵਿੱਚ ਕਾਰਜਸ਼ੀਲ ਸਮਾਂ, ਸਥਾਨ ਅਤੇ ਸਮਕਾਲੀ ਪ੍ਰਸਥਿਤੀਆਂ ਨੂੰ ਬਿਆਨਦੇ ਹਨ। ਇਹ ਰਾਜਨੀਤਿਕ ਤੌਰ ਤੇ ਮੁਗਲਾਂ ਦੀ ਅਧੋਗਤੀ, ਸਿਖ ਮਿਸਲਾਂ, ਸਿਖ ਸੰਘਰਸ਼ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਸਮਾਂ ਹੈ। ਇਸ ਕਾਰਨ ਹੀ ਟੀਕਾਕਾਰੀ ਰੂਪ ਵਿਚ ਕੋਈ ਵਿਧਾ ਸਾਡੀ ਦ੍ਰਿਸ਼ਟੀਗੋਚਰ ਨਹੀਂ ਹੁੰਦੀ। ਬਿਲਾਸ ਪਰੰਪਰਾ ਅਤੇ ਪ੍ਰਕਾਸ਼ ਪਰੰਪਰਾ ਦੀਆਂ ਰਚਨਾਵਾਂ ਵਿਚ ਰਚਨਾਕਾਲ ਅਤੇ ਰਚਨਾਕਾਰ ਦੀ ਸਮੱਸਿਆ ਵੀ ਇਸੇ ਤੱਥ ਦਾ ਨਤੀਜਾ ਹਨ।

3. ਉਨੀਵੀਂ ਸਦੀ ਦੀ ਗੁਰਬਾਣੀ ਟੀਕਾਕਾਰੀ ਪਰੰਪਰਾ

ਪੱਛਮ ਦੀਆਂ ਵਿਚਾਰਧਾਰਾਵਾਂ,ਰਾਜਸੀ ਅਤੇ ਉਦਯੋਗਿਕ ਤਬਦੀਲੀਆਂ ਦੇ ਜਾਂਵੀਏ ਤੋਂ ਇਹ ਸਮਾਂ ਆਧੁਨਿਕ ਕਾਲ ਵਿਚ ਸ਼ੁਮਾਰ ਹੁੰਦਾ ਹੈ। ਇਸ ਨੇ ਮਨੁੱਖ ਨੂੰ ਤਕਨੀਕ ਨਾਲ ਜੋੜਿਆ, ਜਿਸ ਨਾਲ ਮਨੁੱਖੀ ਕੀਮਤ ਪ੍ਰਬੰਧ ਪ੍ਰਭਾਵਿਤ ਹੋਇਆ ਹੈ। ਇਹ ਰਾਜਨੀਤਿਕ ਤੌਰ ਉਪਰ ਸੁਖਾਵਾਂ ਹੈ। ਪੱਛਮ ਦੀ ਸਿਖਿਆ ਪ੍ਰਣਾਲੀ ਦੇ ਪ੍ਰਭਾਵਾਂ ਅਤੇ ਪ੍ਰਸਾਰਾਂ ਨਾਲ ਗੁਰਮਤਿ ਵਿਚਾਰ ਪ੍ਰਬੰਧ ਵਿਚ ਅਧਿਐਨ/ਅਧਿਆਪਨ ਦੇ ਪੱਖੋਂ ਨਵੀਆਂ ਵਿਧਾਵਾਂ ਦਾ ਉਥਾਨ ਹੋਇਆ। ਸਿੰਘ ਸਭਾ ਲਹਿਰ ਜੋ ਉਨੀਵੀਂ ਸਦੀ ਦੇ ਸੱਤਵੇਂ ਦਹਾਕਿਆਂ ਵਿਚ ਸਥਾਪਤ ਹੋਈ, ਇਸੇ ਦਾ ਪ੍ਰਤੀਕਰਮ ਸੀ। ਅਠਾਰਵੀਂ ਸਦੀ ਵਿਚ ਸਿੱਖਾਂ ਸਾਹਮਣੇ ਜਾਨੀ-ਮਾਲੀ ਤੌਰ 'ਤੇ ਮੁਗਲਾਂ ਤੋਂ ਰੱਖਿਆ ਕਰ ਦਾ ਸਵਾਲ ਸੀ। ਉਨੀਵੀਂ ਸਦੀ ਵਿਚ ਆ ਕੇ ਇਹ ਪੱਛਮੀ ਸਿਖਿਆ ਦੇ ਪ੍ਰਭਾਵ ਕਾਰਨ ਵੱਖਰੇ ਧਰਮ ਦੀ ਪਛਾਣ ਭਾਵ ਸਥਾਪਤੀ ਦਾ ਸਵਾਲ ਬਣ ਗਿਆ। ਈਸਾਈਆਂ ਦੇ ਧਰਮ ਦੇ ਪ੍ਰਚਾਰ ਅਤੇ ਆਰੀਆ ਸਮਾਜ ਦੇ ਸਨਾਤਨੀ ਪ੍ਰਭਾਵ ਸਿਖ ਧਰਮ ਨੂੰ 'ਹੋਂਦ' ਦੇ ਕੇਂਦਰ ਵਿਚ ਲੈ ਆਈ। ਜਿਸ ਕਾਰਨ ਗੁਰਮਤਿ ਆਸ਼ੇ ਦੀ ਸ਼ੁੱਧਤਾ ਦਾ ਵਿਸ਼ਾ ਪ੍ਰਧਾਨ ਹੋ ਗਿਆ। ਸਮੁੱਚੀ ਟੀਕਾਕਾਰੀ ਪਰੰਪਰਾ 'ਤੇ ਜੇਕਰ ਨਜ਼ਰ ਮਾਰਦੇ ਹਾਂ ਤਾਂ ਸਭ ਤੋਂ ਵਧੇਰੇ ਜ਼ੋਰ 'ਜਪੁ' ਬਾਣੀ ਦੀ ਵਿਆਖਿਆ ਅਤੇ ਟੀਕਾਕਾਰੀ ਉੱਤੇ ਦਿੱਤਾ ਗਿਆ। ਇਤਿਹਾਸਕਿ ਕਾਲ-ਕ੍ਰਮ ਦੀ ਲੜੀਵਾਰਤਾ ਨੂੰ ਧਿਆਨ ਵਿੱਚ ਰੱਖਦੇ ਹੋਏ, ਅਸੀਂ ਇਥੇ ਮਹੱਤਵਪੂਰਨ 'ਜਪੁ' ਬਾਣੀ ਦੇ ਟੀਕਿਆਂ ਦਾ ਵੇਰਵਾ ਕਾਲ-ਕ੍ਰਮਤਾ ਅਨੁਸਾਰ ਦਿੱਤਾ ਗਿਆ ਹੈ:

3.1 ਭਾਈ ਮਨੀ ਸਿੰਘ

ਭਾਈ ਮਨੀ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਸ਼ਰਧਾਲੂ ਸਨ। ਇਨ੍ਹਾਂ ਤੋਂ ਹੀ ਸੰਪ੍ਰਦਾਈ ਪ੍ਰਣਾਲੀ ਤੁਰੀ ਅਥਵਾ ਇਸ ਪਰੰਪਰਾ ਦਾ ਆਗਾਜ਼ ਹੁੰਦਾ ਹੈ। ਗੁਰਬਾਣੀ ਟੀਕਾਕਾਰੀ ਦੀ ਲਿਖਤ ਪਰੰਪਰਾ ਵਿੱਚ ਭਾਈ ਮਨੀ ਸਿੰਘ ਆਰੰਭਲੇ ਟੀਕਾਕਾਰ ਬਣਦੇ ਹਨ। ਭਾਈ ਸਾਹਿਬ ਦੁਆਰਾ ਜਪੁ ਗੋਸਟਿ ਭਾਈ ਮਨੀ ਸਿੰਘ ਦਾ ਟੀਕਾ ਕੀਤਾ ਗਿਆ। ਵਿਚਾਰਾਧੀਨ ਟੀਕਾ ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਭਾਗ ਹੈ। ਭਾਈ ਸਾਹਿਬ ਦੇ ਨਾਂ ਹੇਠ ਦੋ ਹੋਰ ਟੀਕੇ ਪ੍ਰਚਲਿਤ ਹਨ: ਪੋਥੀ ਜਪੁ ਜੀ ਸਾਹਿਬ ਭਾਈ ਮਨੀ ਸਿੰਘ ਜੀ ਕੀ ਟੀਕਾ (1820 ਈ.), ਜਪੁ ਜੀ ਸਟੀਕ । ਇਸ ਟੀਕੇ ਦੀ ਵਿਲੱਖਣਤਾ ਅਤੇ ਵਿਸ਼ੇਸ਼ਤਾ ਇਹ ਹੈ ਕਿ ਭਾਈ ਸਾਹਿਬ ਟੀਕਾ ਕਰਨ ਲੱਗਿਆ ਵਾਰ-ਵਾਰ ਵਾਹਿਗੁਰੂ ਮੰਤ੍ਰ ਦਾ ਦੁਹਰਾਅ ਕਰਦੇ ਹਨ। ਅਰਥ ਪੂਰੀ ਪਉੜੀ ਸਮਾਪਤ ਹੋਣ ਉਪਰੰਤ ਕਰਦੇ ਹਨ।

3.2. ਸਾਧੂ ਆਨੰਦਘਨ

ਸਾਧੂ ਆਨੰਦਘਨ ਉਦਾਸੀ ਸੰਪ੍ਰਦਾਇ ਨਾਲ ਸੰਬੰਧਿਤ ਸਨ। ਇਹ ਗੁਰਬਾਣੀ ਟੀਕਾਕਾਰੀ ਦੇ ਮਹੱਤਾਪੂਰਨ ਟੀਕਾਕਾਰ ਹਨ। ਸੁਖਬਾਸੀ ਰਾਮ ਬੇਦੀ ਅਨੁਸਾਰ ਇਹ ਬੇਦੀ ਵੰਸ਼ ਨਾਲ ਸੰਬੰਧਿਤ ਸਨ। ਸੁਆਮੀ ਆਨੰਦ ਘਨ ਦੁਆਰਾ ਛੇ ਬਾਣੀਆਂ ਦੇ ਟੀਕੇ ਗਏ ਜੋ ਇਸ ਪ੍ਰਕਾਰ ਹਨ: ਜਪੁ ਜੀ 1795 ਈ. (1852 ਬਿ. ਸੰ), ਆਰਤੀ 1796 ਈ. (1853 ਬਿ. ਸੰ), ਓਅੰਕਾਰ 1797 ਈ. (1854 ਬਿ. ਸੰ), ਆਸਾ ਕੀ ਵਾਰ 1799 ਈ. (1856 ਬਿ. ਸੰ), ਸਿਧ ਗੋਸਟਿ 1800 ਈ. (1857 ਬਿ. ਸੰ), ਅਨੰਦ 1802 ਈ. (1859 ਬਿ. ਸੰ)। ਡਾ. ਰਤਨ ਸਿੰਘ ਜੱਗੀ ਸੁਆਮੀ ਆਨੰਦ ਘਨ ਨੂੰ ਅਦ੍ਵੈਤਵਾਦੀ ਸਿਧਾਂਤਾਂ ਦਾ ਗੰਭੀਰ ਵਿਦਵਾਨ ਮੰਨਦੇ ਹੋਏ, ਆਨੰਦ ਘਨ ਦੀ ਟੀਕਾਕਾਰੀ ਦੀਆਂ ਵਿਸ਼ੇਸ਼ਤਾਈਆਂ ਦੱਸਦੇ ਹਨ। ਪ੍ਰਸ਼ਨੋਤਰੀ ਸ਼ੈਲੀ, ਪੌਰਾਣਿਕ ਹਵਾਲੇ, ਮੰਗਲਾਚਰਣ ਪਰੰਪਰਾ ਆਦਿ ਉਨ੍ਹਾਂ ਦੀ ਟੀਕਾਕਾਰੀ ਦੇ ਵਿਸ਼ੇਸ਼ ਲੱਛਣ ਹਨ।

3.3. ਭਾਈ ਸੰਤੋਖ ਸਿੰਘ

ਭਾਈ ਸੰਤੋਖ ਸਿੰਘ 'ਕਵਿ ਚੂੜਾਮਣਿ' ਦੇ ਗ੍ਰੰਥ ਸ੍ਰੀ ਗੁਰੁ ਪ੍ਰਤਾਪ ਸੂਰਜ ਗ੍ਰੰਥ, ਸ੍ਰੀ ਨਾਨਕ ਪ੍ਰਕਾਸ਼ ਗ੍ਰੰਥ ਕਰਕੇ ਪ੍ਰਚਲਿਤ ਹਨ। ਇਨ੍ਹਾਂ ਨੇ ਗੁਰਬਾਣੀ ਟੀਕਾਕਾਰੀ ਦੇ ਖੇਤਰ ਵਿਚ ਜਪੁ ਬਾਣੀ ਦੇ ਗਰਬ ਗੰਜਨੀ ਟੀਕਾ 1829 ਈ. (1886 ਬਿ. ਸੰ) ਰੂਪ ਵਿਚ ਯੋਗਦਾਨ ਪਾਇਆ ਹੈ। ਇਹ ਵਾਰਤਕ ਸ਼ੈਲੀ ਵਿਚ ਕੀਤਾ ਟੀਕਾ ਹੈ। ਭਾਈ ਸੰਤੋਖ ਸਿੰਘ ਇਕ ਪ੍ਰਬੁੱਧ ਸਾਹਿਤਕਾਰ ਸੀ, ਜਿਸ ਕਾਰਨ ਉਨ੍ਹਾਂ ਕਾਵਿ-ਸ਼ਾਸਤਰ ਦੀ ਬਾਰੀਕੀਆਂ ਦੀ ਸਮਝ ਸੀ। ਉਨ੍ਹਾਂ ਦੀ ਕਿਰਤ ਉਪਰ ਇਸ ਦਾ ਪ੍ਰਭਾਵ ਸਪੱਸ਼ਟ ਦੇਖਿਆ ਜਾ ਸਕਦਾ ਹੈ। ਇਕ ਤੁਕ ਦਾ ਸਵਿਸਤਾਰ ਇਕੋ ਅਰਥ ਇਨ੍ਹਾਂ ਦੀ ਟੀਕਾਕਾਰੀ ਦੀ ਵਿਸ਼ੇਸ਼ਤਾ ਹੈ।

3.4. ਸਾਧੂ ਸਦਾ ਨੰਦ

ਇਨ੍ਹਾਂ ਦੁਆਰਾ ਜਪੁ ਬਾਣੀ ਦਾ ਟੀਕਾ 1833 ਈ. ਕੀਤਾ ਗਿਆ। ਇਸ ਟੀਕੇ ਦੇ ਤਿੰਨ ਭਾਗ ਹਨ। ਪਹਿਲੇ ਭਾਗ ਵਿਚ ਸੰਪੂਰਨ ਜਪੁ ਬਾਣੀ ਦਾ ਮੂਲ ਪਾਠ ਹੈ, ਦੂਜੇ ਵਿਚ ਟੀਕਾ ਕੀਤਾ ਗਿਆ ਹੈ। ਤੀਜੇ ਭਾਗ ਵਿਚ ਬਿਬੇਕ ਪਚੀਸੀ ਨਾਮਕ ਰਚਨਾ ਹੈ। ਇਸ ਟੀਕੇ ਵਿਚ ਟੀਕਾਕਾਰੀ ਕਰਦਿਆ ਟੀਕਾਕਾਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ 'ਸਾਖ' ਲਿਖ ਕੇ ਵਰਤਿਆ ਹੈ।

3.5. ਸਾਧੂ ਮੂਲ ਰਾਮ

ਸੰਬੰਧਿਤ ਟੀਕਾਕਾਰ ਵਲੋਂ ਜਪ ਨਿਬਿਧ ਗੁੜਾਰਥਿ ਪਦ ਦੀਪਿਕਾ ਨਾਂ ਹੇਠ 1842 ਈ. ਵਿਚ ਟੀਕਾ ਕੀਤਾ ਗਿਆ। ਟੀਕੇ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿਚ ਜਪੁ ਬਾਣੀ ਦੀ ਪਹਿਲੀ ਤੋਂ ਉਨੀਵੀਂ ਪਉੜੀ ਤਕ ਅਰਥ ਕੀਤੇ ਹਨ, ਜਿਸ ਨੂੰ ਟੀਕਾਕਾਰ ਨੇ ਪੂਰਵਾਰਧ ਕਿਹਾ ਹੈ। ਦੂਜੇ ਭਾਗ ਵਿਚ ਵੀਹਵੀਂ ਪਉੜੀ ਤੋਂ ਅਠੱਤੀਵੀਂ ਪਉੜੀ ਤਕ ਅਰਥ ਕੀਤੇ ਹਨ, ਜਿਸ ਨੂੰ ਉਤਰਾਰਧ ਕਿਹਾ ਹੈ। ਅਨੇਕਾਰਥ, ਮੂਲ ਮੰਤ੍ਰ ਦੀ ਸਵਿਸਤਾਰ ਵਿਆਖਿਆ ਇਸ ਟੀਕੇ ਦੀਆਂ ਵਿਸ਼ੇਸ਼ਤਾਈਆਂ ਹਨ।

3.6. ਸੋਭਾ ਸਿੰਘ

ਗਜਾਨ ਪ੍ਰਕਾਸ਼ ਸੋਭਾ ਸਿੰਘ 1847 ਈ. (1904 ਬਿ. ਸੰ) ਵਿਚ ਕੀਤਾ ਟੀਕਾ ਹੈ। ਦੋਹਰੇ ਰੂਪ ਵਿਚ ਮੰਗਲਾਚਰਨ, ਇਕ ਤੁਕ ਦੇ ਅਨੇਕਾਰਥ, ਵੇਦਾਂਤੀ ਪ੍ਰਭਾਵ ਆਦਿ ਇਸ ਟੀਕੇ ਦੀਆਂ ਵਿਸ਼ੇਸ਼ਤਾਈਆਂ ਹਨ। ਅਰਥ ਸਮੇਂ ਇਕ ਤੁਕ ਨੂੰ ਦੋ-ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ। ਇਸ ਤੋਂ ਟੀਕਾਕਾਰ ਨੇ ਹੋਰ ਹਵਾਲਾ ਗ੍ਰੰਥ ਨੂੰ ਸ੍ਰੋਤ ਵਜੋਂ ਵਰਤਿਆ ਹੈ।

3.7. ਸੰਤ ਫਤਿਹ ਸਿੰਘ ਅਤੇ ਸੰਤ ਨਿਹਾਲ ਸਿੰਘ

ਜਪੁ ਟੀਕਾ ਸੰਬੰਧਿਤ ਟੀਕਾਕਾਰਾਂ ਵਲੋਂ ਰਚਿਤ ਟੀਕਾ ਹੈ। ਮੰਗਲਾਚਰਨ ਨੂੰ ਦੋਹਰਾ ਛੰਦ ਵਿਚ ਵਿਆਖਿਆਇਆ ਗਿਆ ਹੈ। ਮੂਲ ਤੁਕ ਉਪਰੰਤ ਕਠਿਨ ਸ਼ਬਦਾਂ ਦੇ ਅਰਥ, ਅਰਥ ਸਪੱਸ਼ਟਤਾ ਲਈ ਦੂਜੇ ਗ੍ਰੰਥਾਂ ਵਿਚੋਂ ਸਹਾਇਕ ਸਮੱਗਰੀ, ਵੇਦਾਂਤੀ ਰੰਗ ਇਸ ਟੀਕੇ ਦੀਆਂ ਵਿਸ਼ੇਸ਼ਤਾਈਆਂ ਹਨ।

3.8. ਬਾਵਾ ਹਰਿ ਪ੍ਰਕਾਸ਼ ਪਰਮ ਹੰਸ

ਸ੍ਰੀ ਬੋਧ ਅਰਥਾਲੀ ਟੀਕਾ ਜਪ ਜੀ ਕਾ ਪਰਮ ਹੰਸ ਟੀਕਾਕਾਰ ਦਾ ਟੀਕਾ ਹੈ। ਸੰਬੰਧਿਤ ਟੀਕੇ ਵਿਚ ਦੋਹਰਾ, ਚੌਪਈ, ਸਵੈਯਾ ਦੇ ਰੂਪ ਵਿਚ ਮੰਗਲਾਚਰਨ ਲਿਖਿਆ ਹੈ। ਰਚਨਾ ਦੇ ਸਿਰਲੇਖ ਦੇ ਭਾਵ-ਅਰਥ, ਤੁਕ ਵਾਰ ਅਰਥ ਕੀਤੇ ਹਨ। ਅਨੇਕਾਰਥ, ਦੂਜੇ ਹਵਾਲਾ ਗ੍ਰੰਥਾਂ ਨੂੰ ਸਹਾਇਕ ਸਮੱਗਰੀ ਵਜੋਂ ਵਰਤਿਆ ਗਿਆ ਹੈ। ਇਸ ਤੋਂ ਇਲਾਵਾ ਇਸ ਟੀਕੇ ਵਿਚ ਸ਼ਬਦਾਂ ਦੀ ਉਚਾਰਨ ਸੇਧ ਵੀ ਸ਼ਾਮਿਲ ਹੈ।

3.9. ਅਰਨੈਸਟ ਟ੍ਰੰਪ

ਗੁਰਬਾਣੀ ਟੀਕਾਕਾਰੀ ਦੀ ਪਰੰਪਰਾ ਵਿਚ ਸਭ ਤੋਂ ਪਹਿਲਾਂ ਸੰਪੂਰਨ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਅਰਨੈਸਟ ਟ੍ਰੰਪ ਦੁਆਰਾ 1877 ਈ. ਵਿਚ ਕੀਤਾ ਗਿਆ। ਅਰਨੈਸਟ ਟ੍ਰੰਪ ਦੀ ਭਾਸ਼ਾ ਵਿਗਿਆਨ ਵਿਸ਼ੇ ਵਿਚ ਰੁਚੀ ਸੀ। ਇੰਡੀਆ ਆਫਿਸ ਦੁਆਰਾ ਟ੍ਰੰਪ ਨੂੰ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜੀ ਵਿਚ ਅਨੁਵਾਦ ਦਾ ਕਾਰਜ 1869 ਈ. ਵਿਚ ਸੌਂਪਿਆ ਗਿਆ। ਇਸ ਬਾਬਤ ਸਿੱਖ ਸੰਪ੍ਰਦਾਵਾਂ ਅਤੇ ਗੁਰਬਾਣੀ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਲਈ ਲਾਹੌਰ ਆਏ। ਇਸ ਸੰਬੰਧੀ ਇਸ ਟੀਕੇ ਦੀ ਭੂਮਿਕਾ ਵਿਚ ਜਾਣਕਾਰੀ ਮਿਲਦੀ ਹੈ। ਕਿਸੇ ਕਾਰਨ ਵੱਸ ਉਹ ਸਿਰਫ਼ ਰਾਗ ਆਸਾ, ਸਲੋਕ ਭਗਤ ਕਬੀਰ ਜੀ, ਸਲੋਕ ਫਰੀਦ, ਭੱਟਾਂ ਦੇ ਸਵੱਯੇ ਅਤੇ ਗੁਰੂ ਤੇਗ ਬਹਾਦਰ ਜੀ ਦੇ ਸ਼ਲੋਕਾਂ ਤਕ ਹੀ ਅਨੁਵਾਦ ਕੀਤਾ ਮਿਲਦਾ ਹੈ। ਇਹ ਅਧੂਰਾ ਅਨੁਵਾਦ 1877 ਈ. ਵਿਚ ਪ੍ਰਕਾਸ਼ਿਤ ਹੋਇਆ। ਇਸ ਟੀਕੇ ਵਿਚ ਅਨੇਕਾਂ ਉਕਾਈਆਂ ਹੋਣ ਕਾਰਨ ਸਿੱਖ ਸੰਪ੍ਰਦਾਵਾਂ ਵਲੋਂ ਨਹੀਂ ਪ੍ਰਵਾਨਿਆ ਗਿਆ। ਇਸ ਟੀਕੇ ਵਿਚ ਪੱਛਮੀ ਸਿਖਿਆ ਪ੍ਰਣਾਲੀ ਦਾ ਪ੍ਰਭਾਵ ਦੇਖਣ ਨੂੰ ਮਿਲਦਾ ਹੈ। ਮੂਲ ਪਾਠ, ਹੱਥ ਲਿਖਤ ਰੂਪ ਵਿਚ ਗੁਰਮੁਖੀ ਭਾਸ਼ਾ ਵਿਚ ਸ਼ਾਮਿਲ ਹੈ। ਅਨੇਕਾਰਥ, ਔਖੇ ਪਦਾਂ ਸਰਲਾਰਥ, ਫੁਟ ਨੋਟ ਵਿਧੀ ਦਾ ਪ੍ਰਯੋਗ ਇਸ ਟੀਕੇ ਵਿਚ ਕੀਤਾ ਗਿਆ ਹੈ।

3.10. ਤਾਰਾ ਸਿੰਘ ਨਰੋਤਮ

ਤਾਰਾ ਸਿੰਘ ਨਰੋਤਮ ਦੁਆਰਾ ਗੁਰਮਤਿ ਅਧਿਐਨ ਸੰਬੰਧੀ ਉੱਨੀਵੀਂ ਸਦੀ ਵਿਚ ਸਭ ਤੋਂ ਵਧੇਰੇ ਕਾਰਜ ਕੀਤਾ ਪ੍ਰਾਪਤ ਹੁੰਦਾ ਹੈ। ਇਨ੍ਹਾਂ ਦੁਆਰਾ 1881 ਈ. (1939 ਬਿ. ਸੰ.) ਵਿਚ ਜਪੁ, ਸੋ ਦਰੁ, ਸੋ ਪੁਰਖੁ, ਸੋਹਿਲਾ ਅਤੇ ਸਬਦ ਹਜਾਰੇ ਦਾ ਟੀਕਾ ਕੀਤਾ, ਜਿਸ ਨੂੰ ਯੰਤ੍ਰ ਆਫਤਾਬ ਪੰਜਾਬ ਪ੍ਰੈਸ, ਲਾਹੌਰ ਵਲੋਂ 1881 ਈ. ਵਿਚ ਪ੍ਰਕਾਸ਼ਿਤ ਕੀਤਾ ਹੈ। ਤਾਰਾ ਸਿੰਘ ਨਰੋਤਮ ਦੁਆਰਾ ਮੋਖ ਪੰਥ ਟੀਕਾ 1865 ਈ. (ਬਿ. ਸੰ. 1922), ਸੁਰਤਰੁ ਕੋਸ਼ 1866 ਈ. (1923 ਬਿ. ਸੰ.) ਗੁਰਮਤਿ ਨਿਰਣਯ ਸਾਗਰ 1877 ਈ. (1934 ਬਿ. ਸੰ.), ਅਕਾਲ ਮੂਰਤਿ ਪ੍ਰਦਰਸ਼ਨ 1878 ਈ. (1935 ਬਿ. ਸੰ.), ਗੁਰੂ ਵੰਸ਼ ਤਰੁ ਦਰਪਣ 1878 ਈ. (1935 ਬਿ. ਸੰ.),ਭਗਤ ਬਾਣੀ ਸਟੀਕ 1882 ਈ. (1939 ਬਿ. ਸੰ.), ਗੁਰ ਤੀਰਥ ਸੰਗ੍ਰਹਿ 1883 ਈ. (1940 ਬਿ. ਸੰ.), ਟੀਕਾ ਸਿਰੀ ਰਾਗ 1885 ਈ. (1942 ਬਿ. ਸੰ.), ਗੁਰ ਗਿਰਾਰਥ ਕੋਸ਼ 1889 ਈ. (1946 ਬਿ. ਸੰ.) ਦੀ ਰਚਨਾਵਾਂ ਕੀਤੀਆਂ ਗਈਆਂ।

**3.11. ਗਿ. ਬਦਨ ਸਿੰਘ ਸੇਖਵਾਂ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ, ਫਰੀਦਕੋਟੀ ਵਾਲਾ ਟੀਕਾ, 1883 ਈ.**

ਗਿਆਨੀ ਬਦਨ ਸਿੰਘ ਸੰਪ੍ਰਦਾਈ ਪ੍ਰਣਾਲੀ ਨਾਲ ਸੰਬੰਧਿਤ ਸਨ, ਜਿਨ੍ਹਾਂ ਨੇ ਗੁਰਬਾਣੀ ਟੀਕਾਕਾਰੀ ਦੀ ਪਰੰਪਰਾ ਵਿਚ ਸਭ ਤੋਂ ਪਹਿਲਾ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਗੁਰਮੁਖੀ ਭਾਸ਼ਾ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ (ਫਰੀਦਕੋਟੀ ਟੀਕਾ) ਵਿਚ ਕੀਤਾ। ਇਹ ਟੀਕਾ ਉਨ੍ਹਾਂ ਨੇ ਜਰਮਨ ਮਿਸ਼ਨਰੀ ਵਿਦਵਾਨ ਡਾ. ਟਰੰਪ ਦੁਆਰਾ ਕੀਤੇ ਉਪਰੋਕਤ ਟੀਕਾ ਵਿਚ ਆਈਆਂ ਤਰੁੱਟੀਆਂ ਕਰਕੇ ਕੀਤਾ। ਇਸ ਦਾ ਨਾਂ ਫ਼ਰੀਦਕੋਟੀ ਟੀਕਾ ਫ਼ਰੀਦਕੋਟ ਰਿਆਸਤ ਵਿਚ 1877 ਈ.-1883 ਈ. ਤੋਂ ਚਲੇ ਕਾਰਜ ਕਾਰਨ ਪਿਆ। ਇਸ ਟੀਕੇ ਦੀ ਸੰਪੂਰਨਤਾ ਵਿਚ ਗਿ. ਬਦਨ ਸਿੰਘ ਤੋਂ ਇਲਾਵਾ ਭਾਈ ਹਰਭਜਨ ਸਿੰਘ ਗਯਾਨੀ, ਅੰਮ੍ਰਿਤਸਰ; ਭਾਈ ਸੰਤ ਸਿੰਘ ਗਯਾਨੀ, ਕਪੂਰਥਲਾ ਸਟੇਟ; ਭਾਈ ਝੰਡਾ ਸਿੰਘ ਗਯਾਨੀ, ਨਾਨਕਯਾਨਾ ਸੰਗਰੂਰ; ਭਾਈ ਰਾਇ ਸਿੰਘ ਗਯਾਨੀ, ਜੰਗੀ ਰਾਣਾ; ਭਾਈ ਧਿਆਨ ਸਿੰਘ ਗਯਾਨੀ ਸੇਖਵਾਂ ਵਾਲਾ; ਪੰ. ਹਮੀਰ ਸਿੰਘ ਸੰਸਕ੍ਰਿਤੀ; ਪੰ. ਬਾਲਕ ਰਾਮ ਜੀ ਉਦਾਸੀ ਸੰਸਕ੍ਰਿਤੀ; ਬਾਬਾ ਬਖ਼ਤਾਵਰ ਸਿੰਘ ਜੀ ਗਯਾਨੀ ਹੋਰਾਂ ਨੇ ਯੋਗਦਾਨ ਪਾਇਆ। ਇਸ ਟੀਕੇ ਵਿਚ ਪੰਕਤੀ ਵਾਰ ਅਰਥ ਦੇਣਾ, ਔਖੇ ਸ਼ਬਦਾਂ ਦੇ ਸਰਲਾਰਥ, ਸਟੀਕ ਅਰਥ ਦੇਣ, ਵੇਦਾਂਤੀ ਰੰਗ ਦੀ ਪ੍ਰਵਿਰਤੀ ਦ੍ਰਿਸ਼ਟੀਗੋਚਰ ਹੁੰਦੀ ਹੈ। ਇਸ ਟੀਕੇ ਵਿਚ ਪਹਿਲੀ ਵਾਰ ਭਾਵਾਰਥ ਦੇਣ ਦੀ ਆਰੰਭਤਾ ਹੋਈ।

ਉਪੋਰਕਤ ਅਸੀਂ ਉੱਨੀਵੀਂ ਸਦੀ ਵਿਚ ਗੁਰਬਾਣੀ ਟੀਕਾਕਾਰੀ ਦੇ ਹੋਏ ਕਾਰਜਾਂ ਦਾ ਵੇਰਵਾ ਪੇਸ਼ ਕੀਤਾ ਹੈ, ਜਿਸ ਤੋਂ ਸਾਨੂੰ ਜਪੁ ਬਾਣੀ ਨਾਲ ਅਨੇਕਾਂ, ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਕ ਟੀਕਾ ਅਤੇ ਅੰਗਰੇਜ਼ੀ ਅਨੁਵਾਦ (ਅਧੂਰਾ) ਸੰਬੰਧੀ ਇਕ ਟੀਕਾ ਪ੍ਰਾਪਤ ਹੁੰਦਾ ਹੈ। ਗੁਰੂ ਕਾਲ ਤੋਂ ਸ਼ੁਰੂ ਹੋਈ ਗੁਰਬਾਣੀ ਟੀਕਾਕਾਰੀ ਦੀ ਪਰੰਪਰਾ ਦਾ ਉਪਰੋਕਤ ਸੰਖਿਪਤ ਵਿਵਰਣ ਇਹ ਪ੍ਰਸਤੁਤ ਕਰਦਾ ਹੈ ਕਿ ਗੁਰਬਾਣੀ ਦੇ ਅਰਥ -ਵਿਸਤਾਰ ਦਾ ਪ੍ਰਕਾਰਜ ਟੀਕਾਕਾਰੀ ਦੇ ਰੂਪ ਵਿੱਚ ਗੁਰਬਾਣੀ ਦੇ ਪ੍ਰਗਟ ਸਰੂਪ ਨਾਲ ਹੀ ਹੋ ਜਾਂਦਾ ਹੈ ਜਿਸ ਨੂੰ ਗੁਰਬਾਣੀ ਟੀਕਾਕਾਰੀ ਦੇ ਇਤਿਹਾਸ ਵਿੱਚ ਪ੍ਰਥਮ ਮੌਖਿਕ ਵਿਆਖਿਆਕਾਰ ਦਾ ਸਰੂਪ ਮੰਨਿਆ ਜਾਂਦਾ ਹੈ। ਇਸਦੇ ਪਹਿਲੇ ਵਿਆਖਿਆਕਾਰ ਪ੍ਰਥਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਆਪ ਸਨ। ਸਿੱਖ ਸੰਪ੍ਰਦਾਇ ਦੀਆਂ ਵੱਖ-ਵੱਖ ਵਿਆਖਿਆਕਾਰੀ ਪਰਿਪਾਟੀਆਂ ਨੇ ਲਿਖਤੀ ਤੋਂ ਪਹਿਲੋਂ ਮੌਖਿਕ ਵਿਆਖਿਆਕਾਰੀ ਦਾ ਕਾਰਜ ਕੀਤਾ। ਪਰਮਾਰਥ ਪ੍ਰਣਾਲੀ ਅਧੀਨ ਪਰਮਾਰਥਕਾਰਾਂ ਨੇ ਬਾਣੀ ਨੂੰ ਸਰਲਾਰਥ ਕਰਨ ਦਾ ਯਤਨ ਕੀਤਾ ਹੈ। ਇਸ ਦਾ ਕੇਂਦਰ ਗੁਰੂ ਨਾਨਕ ਸਾਹਿਬ ਜੀਵਨ ਤੇ ਸ਼ਾਹਕਾਰ ਬਾਣੀ 'ਜਪੁ' ਹੈ। ਪੰਜਾਬ ਤੋਂ ਬਾਹਰ ਗੁਰਮਤਿ ਦੇ ਪ੍ਰਸਾਰ ਲਈ ਉਦਾਸੀ/ ਨਿਰਮਲੇ ਗੁਰੂ-ਘਰ ਦੇ ਮੁੱਢਲੇ ਪ੍ਰਚਾਰਕ ਰਹੇ ਹਨ,ਭਾਵੇਂਕਿ ਲਿਖਤੀ ਅਤੇ ਵਿਹਾਰਕਿਤਾ ਵਿੱਚ ਇਨ੍ਹਾਂ ਉੱਤੇ ਵੇਦਾਂਤ ਦਾ ਸਪੱਸ਼ਟ ਪ੍ਰਭਾਵ ਦੇਖਿਆ ਜਾ ਸਕਦਾ ਹੈ।। ਵੀਹਵੀਂ-ਇੱਕੀਵੀਂ ਸਦੀ ਦੌਰਾਨ ਇਸ ਟੀਕਾਕਾਰੀ ਦਾ ਰੁਝਾਨ ਸ਼ਾਸਤਰੀ ਟੀਕਾਕਾਰੀ ਵੱਲ ਹੁੰਦਾ ਹੈ ਜਿਸ ਵਿੱਚ ਆਧੁਨਿਕ ਖੋਜ-ਸੰਦਾਂ, ਵੱਖ-ਵੱਖ ਪਹੁੰਚਾਂ/ਅਨੁਸ਼ਾਸਨਾਂ ਦੀ ਝਲਕ ਦੇਖਣ ਨੂੰ ਮਿਲਦੀ ਹੈ।